# ਅੰਮ੍ਰਿਤ ਕੀਰਤਨ

ਫਰਵਰੀ 2008

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ੴ ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 2 ◆ ਸਾਲ ਵੀਹਵਾਂ ◆ ਫਰਵਰੀ 2008



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/ CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



ਚਿੱਠੀ ਪੱਤਰ, ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com



Computer Type Setting

Sohal specials Phone: 98145 25351



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐਸ.ਸੀ.ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


ਕਰਉ ਬੇਨੰਤੀਆ 2
*ਸੰਪਾਦਕੀ*

ਸਿੱਖ ਗ੍ਰਹਿਸਤ ਜੀਵਨ ਅਤੇ ਗੁਰਮਤਿ ਸੰਗੀਤ 3
*ਡਾਕਟਰ ਜਾਗੀਰ ਸਿੰਘ*

ਕੀਰਤਨ-ਆਤਮ ਰਸ 8
*ਕਰਤਾਰ ਸਿੰਘ ਨੀਲਧਾਰੀ*

ਸੰਗਰਾਂਦ ਦਾ ਮਹੱਤਵ 12
*(ਗਿਆਨੀ) ਗੁਰਵਿੰਦਰ ਸਿੰਘ*

ਤਬਲੇ ਦਾ ਜਾਦੂਗਰ-ਉਸਤਾਦ ਅੱਲਾ ਰੱਖਾ ਖਾਨ 14
*ਸੁਰਪ੍ਰੀਤ ਕੌਰ*

ਗੁਰਮਤਿ ਸੰਗੀਤ ਸਾਹਿਤ 16
*ਗੁਰਜੰਤ ਸਿੰਘ ਰਾਹੀ*

ਗਾਇਨ ਦਾ ਆਰੰਭਿਕ ਅਭਿਆਸ ਤਾਨਪੁਰੇ ਨਾਲ ਅਭਿਆਸ 20
*ਕੁਲਵਿੰਦਰ ਕੌਰ*

ਸੁਰ ਲਿਪੀ 23
*ਹਰਦੀਪ ਕੌਰ*

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 24

# The Singer Divine

ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਾਖੀਆਂ ਨੂੰ ਜਿਤਨੀ ਵਾਰ ਵੀ ਪੜ੍ਹੀਏ ਸੁਣੀਏ ਉਹਨਾਂ ਦੇ ਅਰਥ ਹੋਰ ਡੂੰਘੇ ਮਹਿਸੂਸ ਹੁੰਦੇ ਹਨ। ਅਨੇਕਾਂ ਵਿਦਵਾਨਾਂ ਨੇ ਆਪਣੇ ਆਪਣੇ ਢੰਗ ਨਾਲ ਉਹਨਾਂ ਦੀ ਵਿਆਖਿਆ ਕੀਤੀ ਹੈ। ਪਿਛਲੇ ਦਿਨੀਂ ਦਿੱਲੀ ਵਿੱਚ ਰਹਿੰਦੇ ਮੇਰੇ ਮਿਹਰਬਾਨ ਬਜ਼ੁਰਗ ਆਰ. ਐਸ. ਆਹੂਜਾ ਜੀ ਦੇ ਉੱਦਮ ਨਾਲ ਇੱਕ ਬੜੀ ਪਿਆਰੀ ਪੁਸਤਕ ਪ੍ਰਾਪਤ ਹੋਈ। ਪੁਸਤਕ ਦਾ ਨਾਮ ਹੈ -

The Singer Divine.

ਪੁਸਤਕ ਦੀ ਲੇਖਕਾ ਹਨ- ਸਤਜੀਤ ਵਧਵਾ ਜੀ। ਪੁਸਤਕ ਦਾ ਨਾਮ ਤੇ ਟਾਈਟਲ ਸੰਗੀਤਕ ਹੈ ਇਸ ਕਾਰਨ ਮੈਂ ਇਸ ਵੱਲ ਆਪਣੇ ਆਪ ਖਿੱਚਿਆ ਗਿਆ। ਸਾਦੇ ਪਰ ਪ੍ਰਭਾਵਸ਼ਾਲੀ ਟਾਈਟਲ ਵਿੱਚ ਚਿੜੀਆਂ ਦੀ ਤਸਵੀਰ ਹੈ ਇਹ ਚਿੜੀਆਂ ਤਾਰਾਂ ਬੈਠੀਆਂ ਇੰਜ ਜਾਪਦੀਆਂ ਹਨ ਜਿਵੇਂ ਕਿਸੇ ਸੰਗੀਤਕ ਰਚਨਾ ਦੀ ਨੋਟੇਸ਼ਨ ਲਿਖੀ ਹੋਵੇ। ਪਰ ਕੇਵਲ ਨੋਟੇਸ਼ਨ ਕੁਝ ਨਹੀਂ ਕਰ ਸਕਦੀ ਜਦੋਂ ਤਕ ਸੰਗੀਤਕਾਰ ਉਸ ਅਨੁਸਾਰ ਸੰਗੀਤ ਪੈਦਾ ਨਹੀਂ ਕਰ ਸਕਦਾ। ਭਾਵੇਂ ਨੋਟੇਸ਼ਨ ਉਹੀ ਹੁੰਦੀ ਹੈ ਪਰ ਵੱਖ ਵੱਖ ਸੰਗੀਤਕਾਰ ਆਪਣੀ ਪ੍ਰਤਿਭਾ ਅਨੁਸਾਰ ਉਸ ਤੋਂ ਨਿਵੇਕਲਾ ਸੰਗੀਤ ਪੈਦਾ ਕਰ ਸਕਦੇ ਹਨ। ਕੁਝ ਇਸੇ ਤਰ੍ਹਾਂ ਦੇ ਵਿਚਾਰ ਮੇਰੇ ਮਨ ਵਿੱਚ ਆ ਰਹੇ ਸਨ। ਗੁਰੂ ਬਾਬੇ ਦੀਆਂ ਸਾਖੀਆਂ ਉਹੀ ਹਨ ਪਰ ਹਰ ਲੇਖਕ ਆਪਣੇ ਢੰਗ ਨਾਲ ਉਹਨਾਂ ਦੀ ਵਿਆਖਿਆ ਕਰਦਾ ਹੈ। ਸਤਜੀਤ ਜੀ ਨੇ ਪੁਸਤਕ ਦੇ ਆਰੰਭ ਵਿੱਚ ਗੁਰਬਾਣੀ ਦੀਆਂ ਤੁਕਾਂ ਦੇ ਕੇ ਆਪਣੀ ਸੀਮਾਂ ਅਤੇ ਸਮਰਥਾ ਵੱਲ ਸੰਕੇਤ ਕਰ ਦਿੱਤਾ ਹੈ-

ਮਿਲ ਸਖੀਆਂ ਪੂਛਹਿ ਕਹੁ ਕੰਤ ਨਿਸਾਨੀ॥
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਨੀ॥

My friends asked me to describe my beloved.
Drenched in love I couldn't utter a word.

ਕਈ ਵਾਰ ਆਪਣੀ ਭਾਸ਼ਾ ਵਿੱਚ ਇੱਕ ਗੱਲ ਵਾਰ ਵਾਰ ਸੁਣ ਕੇ ਉਸ ਦਾ ਅਸਰ ਗ੍ਰਹਿਣ ਕਰਨੋਂ ਹਟ ਜਾਂਦੇ ਹਾਂ ਪਰ ਜਦੋਂ ਉਹੀ ਗੱਲ ਦੂਜੀ ਭਾਸ਼ਾ ਵਿੱਚ ਪੜ੍ਹਦੇ ਹਾਂ ਤਾਂ ਪ੍ਰਭਾਵਸ਼ਾਲੀ ਬਣ ਜਾਂਦੀ ਹੈ। ਇਸ ਪੁਸਤਕ ਵਿੱਚ ਵਰਣਿਤ ਸਾਖੀਆਂ ਭਾਵੇਂ ਕਈ ਵਾਰ ਸੁਣੀਆਂ ਹਨ ਪਰ ਸਤਜੀਤ ਜੀ ਦੀ ਵਧੀਆ ਅੰਗਰੇਜ਼ੀ ਅਤੇ ਉਹਨਾਂ ਦੀ ਕਾਵਿ ਪ੍ਰਤਿਭਾ ਨੇ ਇਹਨਾਂ ਨੂੰ ਹੋਰ ਡੂੰਘੇਰੇ ਅਤੇ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ। ਅੰਗਰੇਜ਼ੀ ਜਾਣਨ ਵਾਲਾ ਸਧਾਰਨ ਪਾਠਕ ਵੀ ਇਸਦਾ ਅੰਨਦ ਮਾਣ ਸਕਦਾ ਹੈ। ਇਹ ਇੰਜ ਹੈ ਜਿਵੇਂ ਕੋਈ ਕਲਾਕਾਰ ਨੇੜੇ ਪਈ ਕਿਸੇ ਤਸਵੀਰ ਨੂੰ ਦੂਰ ਰੱਖ ਕੇ ਵੇਖਦਾ ਹੈ। ਉਸ ਤਸਵੀਰ ਕੁਝ ਨਿਵੇਕਲੇ ਪੈਟਰਨਾਂ ਦੀਆਂ ਝਲਕਾਂ ਦਿਖਾਈ ਦਿੰਦੀਆਂ ਹਨ। ਸਾਖੀਆਂ ਬਾਰੇ ਉਹਨਾਂ ਦਾ ਨਜ਼ਰੀਆ ਹੇਠ ਲਿਖੇ ਕਥਨ ਤਤੋਂ ਸਪਸ਼ਟ ਹੁੰਦਾ ਹੈ-

This is a story.
It may not be factual
But it is true.
Let's leave it to the fools
To fight and argue
Whether the Ka'aba
Actually moved or not
But the fact remains
There's not the slightest space
Where God is not.

ਗੁਰੂ ਨਾਨਕ ਦੇਵ ਜੀ ਦੇ ਸੰਗੀਤ ਨਾਲ ਸੰਬੰਧ ਬਾਰੇ ਪੁਸਤਕ ਵਿੱਚ ਦੋ ਬਹੁਤ ਭਾਵ ਪੂਰਤ ਕਵਿਤਾਵਾਂ ਵੀ ਦਰਜ ਹਨ। ਇਸ ਤੋਂ ਸਤਜੀਤ ਜੀ ਦਾ ਸੰਗੀਤ ਪ੍ਰਤੀ ਲਗਾਉ ਪ੍ਰਗਟ ਹੁੰਦਾ ਹੈ।

ਇੱਕ ਬੰਦ ਇੱਥੇ ਦਿੱਤਾ ਜਾ ਰਿਹਾ ਹੈ-

Guru Nanak, the singer, sang
In tune with the song of nature
He sang of matters down-to-earth
And truths deep and profound.
He sang and Mardana played the rabaab
He sang and people flocked around
Men, women, children, animals and birds
Listened to him spellbound.

ਸਤਜੀਤ ਜੀ ਨੂੰ ਇਸ ਪੁਸਤਕ ਦੀ ਰਚਨਾ ਲਈ ਵਧਾਈ।

# ਸਿੱਖ ਗ੍ਰਿਹਸਤ ਜੀਵਨ ਅਤੇ ਗੁਰਮਤਿ ਸੰਗੀਤ

ਡਾਕਟਰ ਜਾਗੀਰ ਸਿੰਘ

ਸਿੱਖ ਧਰਮ ਇੱਕ ਸਮਾਜਕ ਧਰਮ ਹੈ। ਇਸ ਵਿੱਚ ਗ੍ਰਿਹਸਤ ਜੀਵਨ ਦੀ ਬਹੁੱਤ ਮਹੱਤਤਾ ਹੈ। ਅਸਲ ਵਿੱਚ ਗੁਰਬਾਣੀ ਅਨੁਸਾਰ ਤਾਂ ਧਰਮ ਦਾ ਅਰਥ ਗ੍ਰਿਹਸਤ ਵਿੱਚ ਹੀ ਸਪਸ਼ਟ ਹੁੰਦਾ ਹੈ। ਕਬੀਰ ਜੀ ਦਾ ਕਥਨ ਧਰਮ ਅਤੇ ਗ੍ਰਿਹਸਤ ਦਾ ਅੰਤਰ ਸੰਬੰਧ ਨਿਸਚਿਤ ਕਰਦਾ ਹੋਇਆ ਗੁਰ ਸਿੱਖ ਦੀ ਜੀਵਨ ਸ਼ੈਲੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ-

***ਕਬੀਰ ਜੋ ਗ੍ਰਿਹਿ ਤਉ ਕਰ ਧਰਮ ਕਰ***<br>
***ਨਹੀ ਤ ਕਰ ਬੈਰਾਗ॥***<br>
***ਬੈਰਾਗੀ ਬੰਧਨ ਕਰੇ ਤਾ ਕੋ ਬਡੋ ਅਭਾਗ।***

(ਸਲੋਕ ਭਗਤ ਕਬੀਰ ਜੀ, ਪੰਨਾ 1367)

ਭਾਈ ਗੁਰਦਾਸ ਜੀ ਨੇ ਵੀ ਇਸੇ ਪ੍ਰਸੰਗ ਵਿੱਚ ਸਪਸ਼ਟ ਕਹਿ ਦਿੱਤਾ ਹੈ ਕਿ ਜੀਵਨ ਜੀਉਣ ਦੀਆਂ ਜੁਗਤਾਂ ਵਿੱਚੋਂ ਗ੍ਰਿਹਸਤ ਜੀਵਨ ਪਰਧਾਨ ਹੈ।-

*ਗਯਾਨਨ ਮੇ ਗਯਾਨ ਅਰੁ ਧਯਾਨਨ ਮੇ ਧਯਾਨ ਗੁਰੂ,*<br>
*ਸਕਲ ਧਰਮ ਮੇ ਗ੍ਰਿਹਸਤ ਪਰਧਾਨ ਹੈ॥*

ਸਿਖ ਧਰਮ ਅਨੁਸਾਰ ਗ੍ਰਿਹਸਤ ਤੇ ਸੰਗੀਤ ਜ਼ਿੰਦਗੀ ਦੀ ਸਾਰਥਿਕਤਾ ਦੇ ਦੋ ਮਹੱਤਵਪੂਰਨ ਪਹਿਲੂ ਹਨ। ਦੋਵੇਂ ਪਹਿਲੂਆਂ ਦਾ ਜੀਵਨ ਵਿੱਚ ਰਚਮਿਚ ਜਾਣਾ ਇੱਕ ਕਰਤਾਰੀ ਕਲਾ ਦਾ ਆਗਾਜ਼ ਹੈ। ਗੁਰੂ ਸਾਹਿਬਾਨ ਨੇ ਸਿੱਖ ਗ੍ਰਿਹਸਤ ਵਿੱਚ ਗੁਰਮਤਿ ਸੰਗੀਤ ਨੂੰ ਇੰਜ ਓਤ ਪੋਤ ਕਰ ਦਿੱਤਾ ਹੈ ਕਿ ਸਿੱਖ ਇਸ ਤੋਂ ਵੱਖ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਕਾਰਨ ਹਰ ਘਰ ਵਿੱਚ ਕੀਰਤਨ ਹੁੰਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਜਿਹਨਾਂ ਘਰਾਂ ਵਿੱਚ ਗ੍ਰਿਹਸਤ ਹੈ ਜੇ ਉਥੇ ਕੀਰਤਨ ਵੀ ਹੋਵੇ ਤਾਂ ਉਹ ਘਰ ਧਰਮਸਾਲਾ ਦਾ ਦਰਜਾ ਹਾਸਿਲ ਕਰ ਲੈਂਦੇ ਹਨ-

***ਘਰਿ ਘਰਿ ਅੰਦਰਿ ਧਰਮਸਾਲ***<br>
***ਹੋਵੈ ਕੀਰਤਨੁ ਸਦਾ ਵਿਸੋਆ।***

(ਵਾਰ 1, ਪਉੜੀ 26/6)

ਗੁਰਮਤਿ ਵਿੱਚ ਗ੍ਰਿਹਸਤੀ ਦਾ ਗੁਰਦੁਆਰੇ ਜਾ ਕੇ ਸਤਸੰਗ ਕਰਨਾ ਜ਼ਰੂਰੀ ਦੱਸਿਆ ਹੈ। ਭਾਈ ਗੁਰਦਾਸ ਜੀ ਇਸੇ ਕਰਕੇ ਗੁਰਦਆਰੇ ਅਰਥਾਤ ਧਰਮਸਾਲ ਅਤੇ ਗੁਰਸਿੱਖ ਦੀ ਮਹਿਮਾ ਕਰਦੇ ਲਿਖਦੇ ਹਨ-

*ਧਰਮਸਾਲ ਹੈ ਮਾਨਸਰੁ, ਹੰਸ ਗੁਰਸਿਖ ਵਾਹੁ।*<br>
*ਰਤਨ ਪਦਾਰਥ ਗੁਰ ਸਬਦੁ, ਕਰਿ ਕੀਰਤਨੁ ਖਾਹੁ।*

(ਵਾਰ 9, ਪਉੜੀ 14)

ਗ੍ਰਿਹਸਥੀ ਗੁਰਸਿੱਖ ਲਈ ਕੀਰਤਨ ਵੀ ਇੱਕ ਆਹਰ ਹੈ। ਜਿਵੇਂ ਭੋਜਨ ਪਦਾਰਥ ਸਰੀਰ ਲਈ ਖੁਰਾਕ ਹਨ ਇਸੇ ਤਰ੍ਹਾਂ ਕੀਰਤਨ ਵੀ ਰੂਹ ਲਈ ਅਮੁਲੀ ਖੁਰਾਕ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਦੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਗਾਇਨ ਨੂੰ ਇੱਕ ਨਿਤਨੇਮ ਵਜੋਂ ਸ਼ਾਮਲ ਕੀਤਾ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*<br>
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*

---

*ਫਿਰ ਚੜੈ ਦਿਵਸੁ ਗੁਰਬਾਣੀ ਗਾਵੈ*<br>
*ਬਹਦਿਆ ਉਠਦਿਆ ਹਰਿ ਨਾਮ ਧਿਆਵੈ॥*

(ਗੁਰੂ ਗ੍ਰੰਥ ਸਾਹਿਬ, ਪੰਨਾ 305)

ਰੋਜ਼ਾਨਾ ਦੀ ਜਿੰਦਗੀ ਵਿੱਚ ਲੋਕਾਈ ਲੋੜ ਅਨੁਸਾਰ ਆਮ ਧੰਦਿਆਂ ਵਿੱਚ ਗਲਤਾਨ ਹੋ ਜਾਂਦੀ ਹੈ ਪਰ ਗੁਰਬਾਣੀ ਗਾਇਨ ਤੇ ਪਰਮੇਸ਼ਰ ਧਿਆਉਣ ਦੀ ਲੋੜ ਤੇ ਵਿਧੀ ਗੁਰੂ ਦੇ ਉਪਦੇਸ਼ ਰਾਹੀਂ ਹੀ ਸਮਝ ਪੈਂਦੀ ਹੈ। ਆਪਣੇ ਆਪ ਨੂੰ ਗੁਰਸਿੱਖ ਅਖਵਾਉਣ ਲਈ ਗੁਰਬਾਣੀ ਦੀਆਂ ਉਕਤ ਪੰਗਤੀਆਂ ਅਨੁਸਾਰ ਜ਼ਿੰਦਗੀ ਦੀ ਕਾਰਜਵਿਧੀ ਦਾ ਨਿਯਮ ਨਿਰਧਾਰਤਿ ਕੀਤਾ ਗਿਆ ਹੈ। ਇਸ ਵਿੱਚ ਕਿਸੇ ਫੇਰ ਬਦਲ ਦੀ ਗੁੰਜਾਇਸ਼ ਨਹੀਂ ਹੈ। ਉਸ ਦੇ ਘਰ ਵਿੱਚ ਖੁਸ਼ੀ ਦਾ ਵਾਸ ਹੁੰਦਾ ਹੈ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ-

*ਗ੍ਰਿਹਿ ਤਾ ਕੇ ਬਸੰਤੁ ਗਨੀ॥*<br>
*ਜਾ ਕੇ ਕੀਰਤਨੁ ਹਰਿ ਧੁਨੀ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)

ਜੀਵਨ ਦੀ ਇਹ ਵਿਧੀ ਅਗੇ ਚੱਲ ਕੇ ਪ੍ਰੇਮਾਭਗਤੀ ਦਾ ਦਰਜਾ ਹਾਸਲ ਕਰ ਲੈਂਦੀ ਹੈ, ਗੁਰੂ ਬਾਣੀ ਦੇ ਆਸ਼ੇ ਅਨੁਸਾਰ ਪ੍ਰੇਮਾਭਗਤੀ ਹੋਰਨਾਂ ਵਿਧੀਆਂ ਤੋਂ ਉਤਮ ਹੈ।

ਭਗਤਾਂ ਤੇ ਗੁਰੂਆਂ ਨੇ ਇਸੇ ਤਰਕ ਨੂੰ ਚੁਣਿਆ, ਮਾਣਿਆ ਸਫਲਤਾ ਪ੍ਰਾਪਤ ਕੀਤੀ। ਜਿਹੜੇ ਲੋਕ ਘਰ ਬਾਰ ਤਿਆਗ ਕੇ ਆਪਣੇ ਆਪ ਨੂੰ ਜੋਗੀ ਸਦਾਂਦੇ ਹਨ ਪਰ ਜਦੋਂ ਬਾਹਰ ਖਾਣ ਲਈ ਕੁਝ ਨਹੀਂ ਮਿਲਦਾ ਜੋਗੀ ਫੇਰ ਉਹਨਾਂ ਘਰਾਂ ਵਿੱਚ ਮੰਗਣ ਜਾਂਦੇ ਹਨ ਜਿਹਨਾਂ ਨੂੰ ਉਹ ਆਪਣੀ ਮੰਜ਼ਲ ਪ੍ਰਾਪਤੀ ਦੇ ਰਾਹ ਦੀ ਰੁਕਾਵਟ ਸਮਝ ਛੱਡ ਗਏ ਸਨ। ਜੋਗ ਦੀ ਜੁਗਤੀ ਬਾਰੇ ਗੁਰਬਾਣੀ ਦਾ ਫੁਰਮਾਨ ਹੈ ਕਿ ਮਾਇਆ ਵਿੱਚ ਰਹਿੰਦੇ ਹੋਏ ਇਸ ਦੀ ਕਾਲਖ ਤੋਂ ਨਿਰਲੇਪ ਰਹਿਣਾ ਹੀ ਜੋਗ ਹੈ-

***ਅੰਜਨ ਮਾਹਿ ਨਿਰੰਜਨ ਰਹੀਐ***
***ਜੋਗ ਜੁਗਤ ਇਵ ਪਾਈਐ॥***

(ਗੁਰੂ ਗ੍ਰੰਥ ਸਾਹਿਬ ਪੰਨਾ 730)

ਅਤੇ ਗੁਰੂ ਸਾਹਿਬ ਉਸ ਗ੍ਰਹਿਸਤੀ ਨੂੰ ਨਿਰਬਾਨ ਪਦ ਦਾ ਧਾਰਨੀ ਦਸਦੇ ਹਨ ਜਿਸ ਦੇ ਘਰ ਵਿੱਚ ਕੀਰਤਨ ਹੁੰਦਾ ਹੈ-

***ਅਨਦਿਨ ਕੀਰਤਨੁ ਕੇਵਲ ਬਖ਼ਾਨ॥***
***ਗ੍ਰਿਹਸਤ ਮਹਿ ਸੋਈ ਨਿਰਬਾਨ॥***

(ਗਉੜੀ ਸੁਖਮਨੀ, ਮਹਲਾ 5, ਪੰਨਾ)

ਗੁਰਮਤਿ ਸਾਹਿਤ ਵਿੱਚ ਗੁਰੂ ਸਾਹਿਬਾਨ ਵੱਲੋਂ ਗ੍ਰਹਿਸਤ ਜੀਵਨ ਵਿੱਚ ਕੀਰਤਨ ਦੀ ਮਹੱਤਤਾ ਦਰਸਾਉਣ ਲਈ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਨ ਪੁਰ ਮੋਦੀ ਖਾਨੇ ਵਿੱਚ ਨੌਕਰੀ ਕਰਦੇ ਸਨ ਤਾਂ ਉਹ ਸਵੇਰ ਸ਼ਾਮ ਕੀਰਤਨ ਜ਼ਰੂਰ ਕਰਦੇ ਸਨ। ਵਲਾਇਤ ਵਾਲੀ ਜਨਮ ਸਾਖੀ ਅਨੁਸਾਰ-***ਜੋ ਕਿਛੁ ਅਲੂਫਾ ਗੁਰੂ ਜੋਗ ਮਿਲੇ ਸੋ ਖਾਵੈ, ਹੋਰ ਪਰਮੇਸਰ ਦੇ ਅਰਥ ਦੇਵੇ ਅਤੇ ਨਿਤਾ ਪ੍ਰਤੀ ਰਾਤ ਕਉ ਕੀਰਤਨ ਹੋਵੈ।***

(ਜਨਮ ਸਾਖੀ ਪਰੰਪਰਾ,
ਵਲਾਇਤ ਵਾਲੀ ਜਨਮ ਸਾਖੀ, ਪੰਨਾ 8)

ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਵੀ ਰਾਤ ਦਿਨ ਕੀਰਤਨ ਕਰਨ ਦਾ ਜ਼ਿਕਰ ਹੋਇਆ ਹੈ-

*ਆਪ ਬਾਬਾ ਨਾਨਕੁ ਜੀ ਰਾਤਿ ਕੈ ਸਮੇ ਕੀਰਤਨ ਕਰੈ-ਕਰਾਇ ਅਰੁ ਪਿਛੁਲੀ ਰਾਤਿ ਨਾਵਣਿ ਜਾਇ। ਨਾਇ ਕਰਿ ਕਰਿ ਆਇ ਉਪਰਿ ਸਿਮਰਨੁ ਕੀਰਤਨੁ ਕਰੈ।*

(ਜਨਮ ਸਾਖੀ ਪਰੰਪਰਾ,
ਮਿਹਰਬਾਨ ਵਾਲੀ ਜਨਮ ਸਾਖੀ ਪੰਨਾ 81)

ਕੀਰਤਨ ਗੁਰੂ ਨਾਨਕ ਦੇਵ ਜੀ ਦਾ ਨਿਤ ਨੇਮ ਅਤੇ ਜੀਵਨ ਦਾ ਅਟੁੱਟ ਅੰਗ ਸੀ ਉਹ ਕੀਰਤਨ ਤੋਂ ਬਿਨਾਂ ਰੋਟੀ ਵੀ ਨਹੀਂ ਖਾਂਦੇ। ਜਨਮ ਸਾਖੀ ਵਿੱਚ ਇੱਕ ਰਾਤ ਦਾ ਜ਼ਿਕਰ ਕਰਦਿਆਂ ਬੜਾ ਵਧੀਆ ਲਿਖਿਆ ਹੈ-

*ਤਬ ਰਸੋਈਏ ਕਹਿਆ ਜਿ, ਬਾਬਾ ਨਾਨਕੁ ਜੀ। ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ। ਤਬ ਗੁਰੂ ਬਾਬੇ ਨਾਨਕ ਕਹਿਆ ਜੇ, ਸੁਆਮੀ ਜੀ! ਪਰਸਾਦੁ ਤਉ ਜੇਮੀਐਗਾ, ਪਣੁ ਕੀਰਤਨੁ ਨਾਹੀ ਕੀਤਾ। ਕਹੈ ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸਵੇਰੇ ਐਤੁ ਵਖਤਿ ਕੀਰਤਨ ਕਰਿ ਸਵੀਦਾ, ਹੁਣੁ ਜੇਵਿ ਕਰਿ ਸੰਵਿ ਰਹੀਐ। ਤਬਿ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਗੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ?*

(ਜਨਮ ਸਾਖੀ ਪਰੰਪਰਾ,
ਮਿਹਰਬਾਨ ਵਾਲੀ ਜਨਮ ਸਾਖੀ ਪੰਨਾ 83)

ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕਰਨ ਦੀ ਇਹ ਰੀਤ ਸਦਾ ਕਾਇਮ ਰੱਖੀ ਉਦਾਸੀਆਂ ਤੋਂ ਬਾਦ ਜਦੋਂ ਕਰਤਾਰ ਪੁਰ ਵਸਾਇਆ ਤਾਂ ਉਥੇ ਵੀ ਸਵੇਰ ਸ਼ਾਮ ਕੀਰਤਨ ਹੁੰਦਾ ਸੀ। ਗਿਆਨ ਰਤਨਾਵਲੀ ਵਿੱਚ ਲਿਖਿਆ ਹੈ-

*ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ, ਉਪਰੰਤ ਕੀਰਤਨ ਹੋਵੇ, ਫੇਰ ਆਰਤੀ ਪੜ੍ਹੀਏ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਅਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।*

(ਗੁਰਮਤ ਮਾਰਤੰਡ, ਪੰਨਾ 641)

ਗੁਰੂ ਸਾਹਿਬਾਨ ਦਾ ਪੱਕਾ ਨਿਸਚਾ ਸੀ ਕਿ ਪਰਮੇਸ਼ਰ ਦਾ ਜਸ ਗਾਉਣ ਨਾਲ ਮਾਇਆ ਦੀ ਕਾਲਖ ਨਹੀਂ ਲਗਦੀ। ਦੁਨੀਆਂਦਾਰੀ ਦੇ ਕੰਮ ਧੰਦੇ ਕਰਦਿਆਂ ਕਿਸੇ ਵਿਕਾਰ ਦੇ ਪੈਦਾ ਹੋਣ ਨਾਲ ਆਪਣੀ ਸੂਝ ਤੇ ਕੋਈ ਮਾੜੂ ਅਸਰ ਪੈਂਦਾ ਦਿਸੇ ਤਾਂ ਜਪੁਜੀ ਸਾਹਿਬ ਦੀ ਇੱਕ ਤੁਕ ਅਜਿਹੇ ਸੋ ਰੋਗਾਂ ਦੀ ਇੱਕ ਦਵਾ ਹੈ-

ਭਰੀਐ ਮਤਿ ਪਾਪਾਂ ਕੈ ਸੰਗਿ॥
ਉਹ ਧੋਪੈ ਨਾਵੈ ਕੇ ਰੰਗਿ॥

(ਗੁਰੂ ਗ੍ਰੰਥ ਸਾਹਿਬ ਪੰਨਾ 2)

ਗੁਰੂ ਸਾਹਿਬ ਦੇ ਦੋ ਗ੍ਰਹਿਸਤੀ ਸਿੱਖਾਂ ਨਾਲ ਕੀਰਤਨ ਸਬੰਧੀ ਕੀਤੀ ਚਰਚਾ ਮਿਲਦੀ ਹੈ- ਸਿੱਖਾਂ ਦੀ ਭਗਤਮਾਲਾ[23] ਵਿਚ 'ਮਾਲੋ ਅਤੇ ਮਾਂਗਾ' ਦੋ ਸਿੱਖਾਂ ਦੀ

ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

*ਤੁਸਾਂ ਬਚਨ ਕੀਤਾ ਹੈ ਜੋ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ,ਤੇ ਦੋਨੋਂ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ ਸਭ ਪਾਪਾਂ ਦਾ ਤਿਆਗੁ ਕਰਨਿ।*

ਗ੍ਰਹਿਸਤੀ ਲੋਕ ਗੁਰੂ ਦੇ ਅਜਿਹੇ ਉਪਦੇਸ਼ਾਂ ਨੂੰ ਸੁਣਨ ਤੇ ਗ੍ਰਹਿਣ ਕਰਨ ਤਾਂ ਹੀਰੇ ਮੋਤੀਆਂ ਦੀ ਟਕਸਾਲ ਉਹਨਾਂ ਦੇ ਮਨ ਮਸਤਕ ਵਿੱਚ ਲਗ ਸਕਦੀ ਹੈ। ਜਪੁਜੀ ਦਾ ਫੁਰਮਾਨ ਹੈ-

*ਮਤਿ ਵਿਚ ਜਵਾਹਰ ਮਾਣਕ*
*ਜੇ ਇਕ ਗੁਰ ਕੀ ਸਿਖ ਸੁਣੀ॥*

(ਗੁਰੂ ਗ੍ਰੰਥ ਸਾਹਿਬ ਪੰਨਾ 2)

ਅਤੇ ਗੁਰੂ ਦੀ ਮਤ ਕੀ ਹੈ?

***ਗੁਣ ਗਾਵਾ ਦਿਨ ਰਾਤ ਨਾਨਕ ਚਾਉ ਏਹੁ॥***

(ਗੁਰੂ ਗ੍ਰੰਥ ਸਾਹਿਬ ਪੰਨਾ 762)

ਪ੍ਰਭੂ ਦੇ ਗੁਣ ਗਾਉਣ ਦਾ ਚਾਅ ਗੁਰੂ ਨੂੰ ਹੈ ਤੇ ਉਹੀ ਚਾਅ ਗੁਰੂ ਜੀ ਆਪਣੇ ਗ੍ਰਹਿਸਤੀ ਸਿੱਖਾਂ ਦੇ ਮਨਾਂ ਅੰਦਰ ਵੇਖਣਾ ਚਾਹੁੰਦੇ ਹਨ।

ਜਦੋਂ ਸਿੱਖ ਦੇ ਘਰ ਬੱਚਾ ਜਨਮ ਲੈਂਦਾ ਹੈ ਸਿੱਖ ਆਪਣੇ ਬੱਚੇ ਦੇ ਨਾਮ ਕਰਨ ਲਈ ਗੁਰੂ ਦੀ ਓਟ ਲੈਂਦਾ ਹੈ। ਆਮ ਤੌਰ ਤੇ ਘਰ ਵਿੱਚ ਖੁਸ਼ੀ ਮਨਾਈ ਜਾਂਦੀ ਹੈ ਤੇ ਸਮਾਗਮ ਕੀਤਾ ਜਾਂਦਾ ਹੈ। ਇਸ ਸਮਾਗਮ ਵਿੱਚ ਕੀਰਤਨ ਜ਼ਰੂਰ ਹੁੰਦਾ ਹੈ। ਕੀਰਤਨੀਏ ਕੀਰਤਨ ਕਰਦੇ ਹਨ। ਸਿਆਣੇ ਕੀਰਤਨੀਏ ਰਾਗ ਆਸਾ ਵਿੱਚ ਸ਼ਬਦ ਗਾਇਨ ਕਰਦੇ ਹਨ-

***ਸਤਿਗੁਰ ਸਾਚੈ ਦੀਆ ਭੇਜਿ।***
***ਚਿਰੁ ਜੀਵਨੁ ਉਪਜਿਆ ਸੰਜੋਗਿ।***

(ਗੁਰੂ ਗ੍ਰੰਥ ਸਾਹਿਬ ਪੰਨਾ 396)

ਰਾਗ ਗੂਜਰੀ ਵਿੱਚ ਹੇਠ ਲਿਖਿਆ ਸ਼ਬਦ ਗਾਇਨ ਕੀਤਾ ਜਾਂਦਾ ਹੈ-

***ਪੂਤਾ ਮਾਤਾ ਕੀ ਆਸੀਸ॥***
***ਨਿਮਖ ਨ ਬਿਸਰਉ ਤੁਮ ਕਉ***
***ਹਰਿ ਹਰਿ ਸਦਾ ਭਜਹੁ ਜਗਦੀਸ।***

(ਗੁਰੂ ਗ੍ਰੰਥ ਸਾਹਿਬ ਪੰਨਾ 496)

ਬੱਚਾ ਜਵਾਨ ਹੁੰਦਾ ਹੈ। ਉਸ ਦੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਉਸ ਦੀ ਕੁੜਮਾਈ ਕੀਤੀ ਜਾਂਦੀ ਹੈ। ਸਮਾਗਮ ਹੁੰਦਾ ਹੈ ਕੀਰਤਨੀਏ ਹੋਰ ਸ਼ਬਦਾਂ ਦੇ ਨਾਲ ਨਾਲ ਇਹ ਸ਼ਬਦ ਵੀ ਗਾਇਨ ਕਰਦੇ ਹਨ-

***ਸਤੁ ਸੰਤੋਖੁ ਕਰਿ ਭਾਉ***
***ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ।***

(ਗੁਰੂ ਗ੍ਰੰਥ ਸਾਹਿਬ ਪੰਨਾ 773)

ਵਿਆਹ ਦੀ ਰਸਮ ਤਾਂ ਗੁਰਮਤਿ ਸੰਗੀਤ ਤੋਂ ਬਿਨਾਂ ਸੋਚੀ ਵੀ ਨਹੀਂ ਜਾ ਸਕਦੀ। ਇਸ ਸਮੇਂ ਜਦੋਂ ਬਰਾਤ ਦਾ ਢੁਕਾਉ ਹੁੰਦਾ ਹੈ ਤਾਂ ਮਿਲਣੀ ਵੇਲੇ ਹੇਠ ਲਿਖਿਆ ਛੰਤ ਗਾਇਆ ਜਾਂਦਾ ਹੈ--

*ਹਮ ਘਰਿ ਸਾਜਨ ਆਏ। ਸਾਚੈ ਮੇਲਿ ਮਿਲਾਏ।*

(ਗੁਰੂ ਗ੍ਰੰਥ ਸਾਹਿਬ ਪੰਨਾ 764)

ਪੱਲਾ ਫੜਾਉਣ ਵੇਲੇ।

*ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ*
*ਛੋੜਿਆ ਹਭੁ ਕਿਛੁ ਤਿਆਗੀ॥*
***ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।***

(ਗੁਰੂ ਗ੍ਰੰਥ ਸਾਹਿਬ ਪੰਨਾ 763)

ਜਨਮ ਸਾਖੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਆਹ ਸਮੇਂ ਕਿਵੇਂ ਇਹਨਾਂ ਛੰਦਾਂ ਦਾ ਕੀਰਤਨ ਕੀਤਾ ਇਹ ਪ੍ਰਸੰਗ ਬੜੇ ਭਾਵ ਪੂਰਤ ਢੰਗ ਨਾਲ ਬਿਆਨ ਕੀਤਾ ਹੈ-

ਤਬ ਉਨਹੁ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕ ਉਹਨ ਕਾ ਰਾਗੁ ਸੁਨਿ ਕਰਿ ਖੁਸੀ ਭੈਆ ਜਿ, ਭਾਈ ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ, ਤਬ ਗੁਰੂ ਨਾਨਕੁ ਜੀ ਪ੍ਰੇਮ ਪਰਮੇਸੁਰ ਕੇ ਸਾਥਿ ਬਾਨੀ ਬੋਲ ਉਠਾ ਸੂਹੀ ਰਾਗ ਮਹਿ ਸਿਫਤੀ ਛੰਤ, ਜਿ -

***ਹਮ ਘਰ ਸਾਜਨ ਆਏ।***
***ਸਾਚੇ ਮੇਲ ਮਿਲਾਏ।***

ਸੂਹੀ ਛੰਤ ਮਹਲਾ ੧, ਪੰਨਾ 764)

*ਤਬ ਇਸਤਰੀਅਹੁ ਤਨੀ ਛੁਹਾਈ। ਆਪਣਾ ਅਚਾਰ ਕੀਆ। ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ-*

***ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ॥***

(ਸੂਹੀ ਛੰਤ ਮਹਲਾ ੧, ਪੰਨਾ 764)

*ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ। ਅਰ ਇਸਨਾਨ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ । ਅਲਾਪ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰ ਗੁਰੂ ਬਾਬਾ ਨਾਨਕ ਜੀ ਗਾਵੈ। ਪਰ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ। ਜਿਨੁ ਸੁਣਿਆ ਦੇਖਿਆ, ਜਿਨੁ ਗੁਰੂ ਬਾਬੇ ਕਾ ਸਬਦੁ ਬਿਰਾਨੇ ਮੁਖਿ ਤੇ ਸੁਣਿਆ ਤੇ ਭੀ ਮੁਕਤੇ ਭਏ।*

(ਜਨਮ ਸਾਖੀ ਪਰੰਪਰਾ, ਮਿਹਰਬਾਨ ਵਾਲੀ ਜਨਮ ਸਾਖੀ, ਪੰਨਾ 69)

ਰਾਗ ਸੂਹੀ ਵਿੱਚ ਦਰਜ ਲਾਵਾਂ ਦਾ ਗਾਇਨ ਅਤੇ ਉਪਰੰਤ ਰਾਮਕਲੀ ਰਾਗ ਵਿੱਚ ਦਰਜ ਆਨੰਦ ਸਾਹਿਬ ਦਾ ਕੀਰਤਨ ਹੁੰਦਾ ਹੈ। ਗੁਰੂ ਅਮਰ ਦਾਸ ਜੀ ਦੇ ਪੋਤਰੇ ਅਰਥਾਤ ਮੋਹਰੀ ਜੀ ਦੇ ਪੁੱਤਰ ਅਨੰਦ ਦੇ ਜਨਮ ਸਮੇਂ ਗੁਰੂ ਅਮਦਾਸ ਜੀ ਨੇ ਅਨੰਦ ਬਾਣੀ ਦੀ ਰਚਨਾ ਕੀਤੀ ਅਤੇ ਇਸ ਬਾਣੀ ਨੂੰ ਉੱਚੀ ਉੱਚੀ ਗਾਉਣ ਦੇ ਆਦੇਸ਼ ਦਿੱਤੇ। ਮਹਿਮਾ ਪ੍ਰਕਾਸ਼ ਵਿੱਚ ਇਸ ਪ੍ਰਸੰਗ ਨੂੰ ਵਿਸਥਾਰ ਸਹਿਤ ਲਿਖਿਆ ਹੈ। ਅਨੰਦ ਬਾਣੀ ਦੇ ਗਾਇਨ ਕਰਨ ਬਾਰੇ ਆਦੇਸ਼ ਇਸ ਪ੍ਰਕਾਰ ਹਨ;-

ਦੇ ਮਾਤਾ ਕੋ ਬਲੂ ਆਇਆ।
ਸਤਗੁਰ ਤਿਸ ਯਹ ਬਚਨ ਸੁਨਾਇਆ।
ਯਹ ਅਨੰਦ ਬਾਨੀ ਮੈ ਕੀਆ।
ਮੰਗਲ ਮੂਲ ਵਾਕ ਪ੍ਰਗਟੀਆ। 19
ਤੁਮ ਕੋਠੇ ਪਰ ਚੜ ਗਾਵੋ ਤਾਹਿ।
ਅਰੁ ਲੇ ਢੋਲਕ ਸੰਗ ਬਜਾਇ।
ਜੇ ਕੋਈ ਅਬ ਯਹ ਧੁਨ ਸੁਨੇ।
ਹੋਇ ਪਾਰੰਗਦ ਕਿਲਬਿਖ ਹਨੇ। 20

***ਦੋਹਰਾ- ਸਭ ਕਾਰਜ ਯਾ ਤੇ ਸਿਧ ਹੋਇ***
***ਜੋ ਪੜੇ ਕਰ ਪ੍ਰੇਮ ਪ੍ਰਤੀਤ।***
***ਮੰਗਲ-ਮੂਲ ਬਾਨੀ ਬਨੀ***
***ਸੁਖ-ਦਾਇਕ ਭਗਤ ਬਿਨੀਤ।***

ਚੋਪਈ- ਬਲੂ ਚੜ ਕੋਠੇ ਪਰ ਗਾਇਆ।
ਢੋਲਕ ਬਜਾਇ ਸੰਗ ਸਬਦ ਸੁਹਾਇਆ।
ਤਿਸ ਸਮੇ ਸੁਨਾ ਜਿਨ ਆਨੰਦ ਬਾਣੀ।
ਪਾਇ ਭਗਤਿ ਤਿਨ ਪਦ ਨਿਰਬਾਣੀ॥ 22

ਇਸੇ ਦੇ ਨਾਲ ਨਾਲ ***ਵਿਆਹ ਹੋਆ ਮੇਰੇ ਬਾਬੁਲਾ ਗੁਰਮਖੇ ਹਰਿ ਪਾਇਆ।*** ਅਤੇ ***ਪੂਰੀ ਆਸਾ ਜੀ ਮਨਸਾ ਮੇਰੇ ਰਾਮ।*** ਸ਼ਬਦਾਂ ਦਾ ਗਾਇਨ ਹੁੰਦਾ ਹੈ। ਜਦੋਂ ਪ੍ਰਾਣੀ ਅਕਾਲ ਚਲਾਣਾ ਕਰਦਾ ਹੈ। ਵੈਰਾਗ ਮਈ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਰਾਮਕਲੀ ਸਦ ਵਿੱਚ ਗੁਰੂ ਅਮਰ ਦਾਸ ਜੀ ਦਾ ਬਚਨ ਹੈ-

***ਅੰਤੇ ਸਤਿਗੁਰੁ ਬੋਲਿਆ***
***ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥***

(ਗੁਰੂ ਗ੍ਰੰਥ ਸਾਹਿਬ ਪੰਨਾ 923)

ਭਾਈ ਕਾਹਨ ਸਿੰਘ ਨਾਭਾ ਅਕਾਲ ਚਲਾਣੇ ਦੀ ਮਰਯਾਦਾ ਬਿਆਨ ਕਰਦਿਆਂ ਲਿਖਦੇ ਹਨ--

*ਮ੍ਰਿਤ ਸ਼ਰੀਰ ਨੂੰ ਸਨਾਨ ਕਰਾ ਕੇ ਨਿਰਮਲ ਵਸਤ੍ਰਾਂ ਨਾਲ ਢੱਕ ਕੇ ਤਖਤੇ, ਸੰਦੂਕ ਆਦਿ ਵਿੱਚ ਰੱਖ ਕੇ ਕੰਧਿਆਂ ਜਾਂ ਗੱਡੀ ਆਦਿ ਤੇ ਸੰਸਕਾਰ ਦੇ ਥਾਂ ਲੈ ਜਾਇਆ ਜਾਵੇ ਰਾਗੀ ਅਥਵਾ ਪ੍ਰੇਮੀ ਸਿੱਖ ਮਿਲ ਕੇ ਵੈਰਾਗ-ਮਈ ਸ਼ਬਦਾਂ ਦਾ ਕੀਰਤਨ ਕਰਨ---।*

(ਗੁਰਮਤ ਮਾਰਤੰਡ ਪੰਨਾ 467)

ਰਹਿਤਨਾਮਾ ਭਾਈ ਚੌਪਾ ਸਿੰਘ ਵਿੱਚ ਲਿਖਿਆ ਹੈ ਪ੍ਰਾਣੀ ਕਾ ਸ਼ਰੀਰ ਅੰਤ ਹੋਵੇ ਤਾਂ ਕੀਰਤਨ ਕਰਾਵੇ–।

(ਗੁਰਮਤ ਮਾਰਤੰਡ ਪੰਨਾ 478)

ਗੁਰ ਬਿਲਾਸ ਪਾਤਸ਼ਾਹੀ 10 ਦੇ ਅਧਿਆਇ 29) ਵਿੱਚ ਗੁਰੂ ਸਾਹਿਬ ਦੇ ਮੁਖ ਤੋਂ ਉਚਾਰਨ ਕਰਵਾਇਆ ਗਿਆ ਹੈ-

*ਸਵਾਂਗ ਸਵਾਰੀ ਕਾ ਪ੍ਰਭ ਧਾਰਯ ।*
*ਸਭ ਖਾਲਿਸ ਕੋ ਵਚਨ ਉਚਾਰਯ ।*
*ਜਯੋਂ ਥਾ ਹੁਕਮ ਤਿਵੇਂ ਸਾ ਹੋਨਾ।*
*ਹਮ ਕੋ ਸ਼ਾਦੀ ਕਿਸੂ ਨ ਰੋਨਾ।*
*ਜੋ ਹਮ ਕੋ ਰੋਵੈਗਾ ਕੋਈ।*
*ਈਤ ਊਤ ਕੋ ਦੁਖ ਹੋਈ।*
*ਕੀਰਤਨ ਕਥਾ ਸੁ ਗਾਵਹੁ ਬਾਨੀ।*
*ਇਹੈ ਮੋਹ ਸਿਖੱਯਾ ਸੁਨ ਕਾਨੀ।*

(ਗੁਰਮਤ ਮਾਰਤੰਡ ਪੰਨਾ 479)

ਗੁਰ ਪ੍ਰਤਾਪ ਸੂਰਜ ਰੁਤ 3, ਅਧਿਆਇ 40 ਵਿੱਚ ਲਿਖਿਆ ਹੈ-

*ਮਰੇ ਸਿੱਖ ਤੇ ਕਰੇ ਕੜਾਹ।*
*ਤਿਸੁ ਕੁਟੰਬ ਰੁਦਨੈ ਬਹੁ ਨਾਹ।*
*ਤਜੈ ਸ਼ੋਕ ਸਭ ਅਨਦ ਬਢਾਇ।*
*ਨਹਿੰ ਪੀਟਹਿੰ ਤ੍ਰਿਯ ਤਿਲ ਸਮੁਦਾਇ।*
*ਪਢੈਂ ਸ਼ਬਦ ਕੀਰਤਨ ਕੋ ਕਰੈਂ।*
*ਸੁਨੈਂ ਬੈਠ ਵੈਰਾਗ ਸੁ ਧਰੈਂ।*

(ਗੁਰਮਤ ਮਾਰਤੰਡ ਪੰਨਾ 479)

ਗੁਰੂ ਕਾਲ ਵਿੱਚ ਵੀ ਅਕਾਲ ਚਲਾਣੇ ਸਮੇਂ ਕੀਰਤਨ ਕਰਨ ਦੇ ਹਵਾਲੇ ਪ੍ਰਾਪਤ ਹੁੰਦੇ ਹਨ-

ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਸਮੇਂ ਕੀਰਤਨ ਕਰਨ ਦਾ ਉਲੇਖ ਅਨੇਕ ਥਾਂਈ ਆਇਆ ਹੈ।

ਮਹਿਮਾ ਪ੍ਰਕਾਸ਼ ਅਨੁਸਾਰ ਜਦੋਂ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਉਣ ਲੱਗੇ ਤਾਂ ਉਹਨਾਂ ਨੇ ਹੋਰ ਰਸਮਾਂ ਕਰਨ ਦੀ ਥਾਂ ਭਜਨ ਕੀਰਤਨ ਕਰਨ ਦੇ ਆਦੇਸ਼ ਦਿੱਤੇ-

*ਹਮਰੇ ਕਾਜ ਕਛੂ ਨਹੀ ਕਰਨਾ।*
*ਨਹੀ ਕਰਨਾ ਕੋਊ ਜਗ ਆਚਰਨਾ।* 23
*ਦੇਹ ਸਿਸਕਾਰ ਅਗਨ ਮੋ ਕਰਨਾ।*
*ਕੀਰਤਨ ਭਜਨ ਤੋਖ ਚਿਤ ਧਰਨਾ।* 24
*ਅਖੰਡ ਕੀਰਤਨ ਸਭ ਮਿਲ ਕੀਓ।*
*ਜੈ ਜੈ ਕਾਰ ਜਗਤ ਮੈਂ ਭਇਓ।*

ਜਦੋਂ ਗੁਰੂ ਰਾਮ ਦਾਸ ਜੀ ਜੋਤੀ ਜੋਤਿ ਸਮਾਏ ਤਾਂ ਉਥੇ ਕੀਰਤਨ ਹੋਇਆ:

*ਅੜਿਲ- ਨਿਸ਼ਾ ਨਾਸ ਰਵਿ ਆਯ ਹਰਖ ਬਢਾਇਕੈ।*
*ਕੀਰਤਨ ਭਯੋ ਅਪਾਰ ਦੇਵ ਕਰ ਆਇਕੈ।*

(775 ਪਨਾ 194)

*ਦੋਹਰਾ- ਵਡਹੰਸ ਵਾਰ ਪ੍ਰਥਮੇ ਪੜ੍ਹ*
*ਪੁਨ ਮਾਰੂ ਪੜ੍ਹ ਵਾਰ॥*
*ਰਾਗ ਰਬਾਬੀ ਅਧਕ ਰਹਿੰ ਕਰੈ ਸਰੁ ਬਿਸਤਾਰ॥*

(778 ਪੰਨਾ 194)

*ਭਾਈ ਬੁੱਢਾ ਲਾਇ ਦੀਵਾਨ।*
*ਸੁਨਤ ਸ਼ਬਦ ਮਾਰੂ ਧਰ ਧਿਆਨ॥* 780
*ਦੋਹਿਰਾ- ਸਾਹਿਬ ਬੁੱਢੇ ਸੋਂ ਕਹਾ*
*ਅਲਾਹਿਣੀ ਪੜ੍ਹ ਸੁਹਾਇ।*
*ਰਬਾਬੀ ਰਾਗ ਮਿਲਾਇਕੈ ਪੜ੍ਹੀ ਅਧਿਕ ਚਿਤ ਲਾਇ।* 781
*ਦੀਵਾਨ ਮਧ ਬੈਠੇ ਗੁਰ ਆਇ।*
*ਰਬਾਬੀ ਭੋਗ ਸ਼ਬਦ ਕਾ ਪਾਇ।* 782
*ਰਬਾਬੀ ਕੋ ਧਨ ਦੀਨ ਅਪਾਰਾ।*
*ਕੀਰਤਨ ਸੋਹਿਲਾ ਬਹੁਰ ਉਚਾਰਾ।* 783
*ਸੁਨ ਪੈੜਾਂ ਕੀਰਤਨ ਬਹੁ ਹੋਵੈ।*
*ਭਾਂਤ ਭਾਂਤ ਚੌਕੀ ਦੁਖ ਖੋਵੈ।* 785

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਦ ਜੋ ਰਸਮਾਂ ਹੋਈਆਂ ਉਹਨਾਂ ਵਿੱਚ ਕੀਰਤਨ ਪ੍ਰਮੁਖ ਸੀ-

*ਹਰਿਗੁਬਿੰਦ ਗੁਰੁ ਤਬ ਇਹ ਕੀਨ ।*
*ਰਾਗੀ ਬੋਲ ਨਿਕਟ ਤਬ ਲੀਨ ।* 51
*ਸ੍ਰੀ ਮੁਖ ਕਹਾ ਸਬਦ ਤੁਮ ਗਾਵੋ।*
*ਪ੍ਰਿਥਮ ਵਾਰ ਆਸਾ ਕੀ ਲਾਵੋ।*
*ਗਾਵਤ ਮਾਰੂ ਸਬਦ ਅਪਾਰਾ। ----*
*ਰਾਗੀ ਭੋਗ ਸਬਦ ਕਾ ਪਾਯ ।*
*ਸ੍ਰੀ ਗੁਰੁ ਤਿਨ ਕੋ ਐਸ ਅਲਾਯ ।* 54
*ਦੋਹਿਰਾ- ਮਾਰੂ ਡਖਣੇ ਵਾਰ ਕੋ*
*ਅਬ ਗਾਵੋ ਸੁਰ ਊਚ॥*
*ਸਿੱਖ ਸੰਗਤਿ ਆਈ ਘਨੀ*
*ਭਈ ਭੀਰ ਅਤਿ ਮੂਚ।*

(55- ਪੰਨਾ 351)

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਸਿੱਖ ਗ੍ਰਿਹਸਤ ਜੀਵਨ ਦਾ ਇੱਕ ਅਟੁਟ ਅੰਗ ਹੈ।

---

*422, ਸੈਕਟਰ 15 ਏ, ਚੰਡੀਗੜ੍ਹ*

# ਕੀਰਤਨ-ਆਤਮ ਰਸ

ਕਰਤਾਰ ਸਿੰਘ ਨੀਲਧਾਰੀ

ਨਾਰਾਇਣ ਦੇ ਭਗਤ ਨਾਰਦ ਜੀ ਸਦਾ ਨਾਰਾਇਣ ਨਾਮ ਦਾ ਕੀਰਤਨ ਕਰਨ ਲਈ ਵੀਣਾ ਹੱਥ ਵਿਚ ਰੱਖਦੇ ਹਨ। ਬ੍ਰਹਮਾ ਦੀ ਪਤਨੀ ਸ਼ਾਰਦਾ (ਸਰਸਵਤੀ) ਵੀ ਸੰਸਾਰਿਕਤਾ ਵਿਚ ਆਤਮ ਰਸ ਦਾ ਗਿਆਨ ਪ੍ਰਾਪਤ ਕਰਨ ਲਈ ਹਮੇਸ਼ਾ ਵੀਣਾ ਦੀਆਂ ਤਾਰਾਂ ਨੂੰ ਝੰਕ੍ਰਿਤ ਕਰਦੀ ਰਹਿੰਦੀ ਹੈ। ਆਤਮ ਰਸੀ ਕਬੀਰ ਜੀ ਦੇ ਸ਼ਬਦ ਆਸਾ (478) ਵਿਚ ਕੁਝ ਅਜਿਹਾ ਜਿਕਰ ਹੋਇਆ ਹੈ-

*ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ।*
*ਹਰਿ ਕਾ ਨਾਮ ਮੇਰੇ ਮਨਿ ਭਾਵਤਾ ਹੈ। (1) ਰਹਾਉ।*
*ਨਾਰਦ ਸਾਰਦ ਕਰਹਿ ਖਵਾਸੀ*
*ਪਾਸਿ ਬੈਠੀ ਬੀਬੀ ਕਵਲਾ ਦਾਸੀ*

ਨਾਰਾਇਣ ਦੀ ਸੇਜ ਸ਼ੇਸ਼ ਨਾਗ ਉਤੇ ਹੈ ਜੋ ਆਪਣੇ ਹਜ਼ਾਰ ਮੁੱਖਾਂ ਨਾਲ ਪ੍ਰਭੂ ਨਾਮ ਗਾਇਨ ਕਰਦਾ ਰਹਿੰਦਾ ਹੈ। ਸਾਹਾਂ ਦੀ ਸੁਰ ਤਾਲ ਨਾਲ ਕੀਤਾ ਜਪੁ ਕੀਰਤਨ ਹੁੰਦਾ ਹੈ-

*ਕੰਠੇ ਮਾਲਾ ਜਿਹਵਾ ਰਾਮ।*
*ਸਹੰਸ ਨਾਮ ਲੈ ਲੈ ਕਰਉ ਸਲਾਮੁ॥*

ਨਾਰਦ ਜੀ ਤੇ ਸ਼ਾਰਦਾ ਦੀ ਭਗਤੀ ਨੂੰ ਗੁਰੂ ਜੀ (ਮਾਰੂ ਪਹਿਲਾ 1028) ਇੰਝ ਦਸਦੇ ਹਨ-

*ਨਾਰਦ ਸਾਰਦ ਸੇਵਕ ਤੇਰੇ।*
*ਤ੍ਰਿਭਵਣਿ ਸੇਵਕ ਵਡਹੁ ਵਡੇਰੇ।*
*ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ*
*ਸਭੁ ਤੇਰੋ ਕਾਰਣ ਕੀਨਾ ਹੈ।*

ਹਰੇਕ ਦੇਵਤੇ ਦੇ ਹੱਥ ਵਿਚ ਇਕ ਸਾਜ਼ ਦੀ ਲਾਜ਼ਮੀ ਹੋਂਦ ਦਸਦੀ ਹੈ, ਹਰੇਕ ਦੇਵਤਾ ਪ੍ਰਭੂ ਨਾਮ ਦਾ ਕੀਰਤਨ ਕਰਕੇ ਮੰਜ਼ੂਰੇ ਨਜ਼ਰ ਬਣਿਆ ਰਹਿੰਦਾ ਹੈ। ਸੋਦਰ ਦੀ ਤਿੰਨ ਸਮਾਂਨਾਂਤਰ ਗੁਰ ਬਾਣੀਆਂ ਇਸ ਤੱਥ ਦੀ ਪੁਸ਼ਟੀ ਕਰਦੀਆ ਹਨ। ਦਵਾਪਰ ਦੇ ਅਵਤਾਰ ਲੀਲਾ ਪਰਸ਼ੋਤਮ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਦੇ ਆਤਮ ਰਸ ਦੀ ਗੂੰਜ ਭਗਤ ਬਾਣੀ ਵਿਚੋਂ ਪੈ ਜਾਦੀ ਹੈ। ਆਤਮ ਰਸ ਬੋਧ ਵਿਚ ਰਸੀਲੀ ਬੰਸਰੀ ਕੋਈ ਵਿਰਲਾ ਹੀ ਵਜਾਉਂਦਾ ਹੈ-

*ਬੇਣੁ ਰਸਾਲ ਵਜਾਵੈ ਸੋਈ।*
*ਜਾਕੀ ਤ੍ਰਿਭਵਣ ਸੋਝੀ ਹੋਈ।*
*ਨਾਨਕ ਬੂਝਹੁ ਇਹ ਬਿਧਿ ਗੁਰਮਤਿ*
*ਹਰਿ ਰਾਮ ਨਾਮਿ ਲਿਵ ਲਾਇਆ।*

ਗੁਰੂ ਪਹਿਲਾ-1039

ਭਗਤ ਨਾਮਦੇਵ ਜੀ ਇਸ ਬੰਸਰੀ ਦੀ ਤਾਨ ਵਿਚ ਮਸਤ ਹੁੰਦੇ ਹੋਏ ਗਾਉਂਦੇ ਹਨ-

*ਧੰਨਿ ਧੰਨਿ ਓ ਰਾਮ ਬੇਨੁ ਬਾਜੈ॥*
*ਮਧੁਰ ਮਧੁਰ ਧੁਨਿ ਅਨਹਤ ਗਾਜੈ। (1) ਰਹਾਉ.......*
*ਧਨਿ ਧਨਿ ਬਨਖੰਡ ਬ੍ਰਿੰਦਾਬਨਾ।*
*ਜਹ ਖੇਲੈ ਸ੍ਰੀ ਨਾਰਾਇਨਾ।3।*
*ਬੇਨੁ ਬਜਾਵੈ ਗੋ ਧਨੁ ਚਰੈ।*
*ਨਾਮੇ ਕੇ ਸੁਆਮੀ ਆਨਦ ਕਰੈ।4। (988)*

ਸੋਰਠਿ ਮਹਲਾ 4 ਅਕਾਲ ਪੁਰਖ ਦੀ ਮੌਜ ਵਿਚ ਗੁਰੂ ਜੀ ਗਾਉਂਦੇ ਹਨ

*ਆਪੇ ਗੋਪੀ ਕਾਨੁ ਹੈ ਪਿਆਰਾ*
*ਬਨਿ ਆਪੇ ਗਊ ਚਰਾਹਾ।*
*ਆਪੇ ਸਾਵਲ ਸੁੰਦਰਾ ਪਿਆਰਾ*
*ਆਪੇ ਵੰਸ ਵਜਾਹਾ॥ (606)*

ਰਾਮਾਇਣ ਅਨੁਸਾਰ ਗਰਭਵਤੀ ਸੀਤਾ ਨੂੰ ਲੋਕ ਨਿੰਦਾ ਕਾਰਨ ਬਨਵਾਸ ਭੇਜ ਕੇ ਮਰਿਆਦਾ ਪੁਰਸ਼ੋਤਮ ਸ੍ਰੀ ਰਾਮ ਵੀਣਾ ਦੇ ਤਾਰ ਛੇੜਦੇ ਹੋਏ ਆਪਣੇ ਮਨ ਦੀ ਵੇਦਨਾ ਭੁੱਲਦੇ ਸਨ।

ਵਿਸ਼ਨੂੰ ਪੁਰਾਨ (ਅੰਸ਼ ਛੇਵਾਂ ਅਧਿਆਇ ਅੱਠ-18-20) ਅਕਾਲ ਪੁਰਖ ਹੀ ਸੰਸਾਰ ਦੀ ਉਤਪਤੀ, ਸਥਿਤੀ ਅਤੇ ਪ੍ਰਲੌ ਦਾ ਕਰਨ-ਕਾਰਣ ਹੈ ਅਤੇ ਉਸ ਦਾ ਕੀਰਤਨ ਹੀ ਇਥੇ ਕੀਤਾ ਗਿਆ ਹੈ। ਜਿਸ ਦੇ ਨਾਮ ਦਾ ਕੀਰਤਨ ਮਨੁੱਖ ਬੇਬਸੀ ਵਿਚ, ਸ਼ੇਰ ਤੋਂ ਡਰੇ ਗੀਦੜਾਂ ਵਾਂਗ, ਕਰਕੇ ਵੀ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਹੇ ਮੈਤ੍ਰੀਯ! ਜਿਸ ਦਾ ਭਗਤੀ ਨਾਲ ਕੀਤਾ ਹੋਇਆ ਨਾਮ-ਸੰਕੀਰਤਨ ਸੰਪੂਰਨ ਧਾਤੂਆਂ ਨੂੰ ਪਿਘਲਾਣ ਵਾਲੀ ਅਗਨੀ ਸਮਾਨ ਸਾਰੇ ਪਾਪਾਂ ਨੂੰ ਲੀਨ ਕਰ ਦੇਣ ਵਾਲਾ

ਹੈ। ਉਸ ਸਚਿਦਾਨੰਦ ਦੀ ਕੀਰਤ ਸਦਾ ਗਾਉਣੀ ਚਾਹੀਦੀ ਹੈ।

ਸ੍ਰੀ ਰਾਮ ਦੇ ਯੱਗ ਵਿਚ ਲਵ ਕੁਸ਼ ਰਾਮ ਕਥਾ ਗਾਇਨ ਕਰਨ ਸਮੇਂ ਵੀਣਾ ਦੀਆਂ ਤਾਰਾਂ ਵੀ ਛੇੜਦੇ ਹਨ। ਇਸ ਤਰ੍ਹਾਂ ਰਾਮ ਕਥਾ ਦਾ ਕੀਰਤਨ ਕਰਦੇ ਹੋਇਆਂ ਨੂੰ ਪੌਰਾਣਿਕ, ਵਿਆਕਰਣਿਕ, ਵਿਦਵਾਨ ਬ੍ਰਾਹਮਣ, ਸੁਰਾਂ ਤੇ ਲਕਸ਼ਣਾ ਦੇ ਗਿਆਤਾ, ਗੀਤ ਸੁਣਨ ਦੇ ਚਾਹਵਾਨ ਦਿਵਜ, ਸਾਮੁਦ੍ਰਿਕ (ਜਿਉਤਿਸ਼) ਦੇ ਜਾਣਕਾਰ, ਸੰਗੀਤ ਵਿੱਦਿਆ ਦੇ ਜਾਣਕਾਰ, ਗੁਰੂ ਲਘੂ ਅੱਖਰ ਅਨੁਸਾਰ ਛੰਦਾਂ ਦੇ ਵੱਖ ਵੱਖ ਚਰਨਾਂ ਦੇ ਗਿਆਤਾ, ਚਿੱਤਰਕਲਾ ਦੇ ਜਾਨਣ ਵਾਲੇ ਅਤੇ ਸੰਗੀਤ ਨ੍ਰਿਤ ਦੇ ਧੁਰੰਤਰਾਂ ਆਦਿਕ ਕਲਾ ਮਰਮੱਗ ਵਿਦਵਾਨਾਂ ਨੇ ਸੁਣਿਆ ਅਤੇ ਸਭ ਦੀ ਸੁਰਤਿ ਉਸ ਕੀਰਤਨ ਵਿਚ ਲੀਨ ਹੋ ਗਈ। ਭਗਤ ਭਗਵਾਨ ਦੇ ਪ੍ਰਸੰਗ ਨਾਲ ਜੁੜੀ ਕਿਸੇ ਕਥਾ ਦੇ ਗਾਇਨ ਨਾਲ ਉਹ ਗਾਇਨ ਕੀਰਤਨ ਬਣ ਜਾਂਦਾ ਹੈ। ਸਭ ਦਾ ਕਰਨ ਕਾਰਣ ਸਿਰਜਕ ਤੇ ਸਰਬ ਵਿਆਪਕ ਪ੍ਰਭੂ ਆਪ ਅਲੱਖ ਅਗੋਚਰ ਤੇ ਅਕੱਥ ਹੈ। ਇਸ ਲਈ ਉਸ ਦੇ ਨਾਮ ਨਾਲ ਜੁੜੀ ਕਥਾ ਹੀ ਸੰਗੀਤ ਵਿਚ ਸੱਚੀ ਕੀਰਤ ਦੇ ਰੂਪ ਵਿਚ ਕੀਰਤਨ ਬਣ ਜਾਂਦੀ ਹੈ। ਗੁਰਬਾਣੀ ਦਾ ਮੂਲ ਜਪੁ ਉਪਦੇਸ਼ ਨਾਲ ਆਰੰਭ ਹੁੰਦਾ ਹੈ। ਇਸ ਜਪੁ-ਨਾਮ, ਸਿਮਰਨ ਭਗਤੀ ਨਾਲ ਜੁੜੇ ਅਨੇਕਾਂ ਟਕਸਾਲੀ ਭਗਤੀ ਪ੍ਰਸੰਗ ਇਸ ਸਾਰੀ ਗੁਰਬਾਣੀ ਨੂੰ ਕੀਰਤਨ ਮਈ ਗਿਆਨ ਬਣਾ ਦੇਂਦੇ ਹਨ ਅਤੇ ਇਹੋ ਇਕ ਕਾਰਨ ਹੋ ਸਕਦਾ ਹੈ ਕਿ ਜਪੁ ਰੂਪੀ ਬੀਜ ਦੀ ਬੱਟ-ਬਿਰਖ (ਬੋਹੜ) ਦੀ ਬਾਣੀ ਰਾਗ ਬੱਧ ਜੁਗਤਿ ਵਿਚ ਸੰਕਲਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਓਅੰਕਾਰ ਜਪੁ ਗ੍ਰੰਥ ਵੀ ਕਿਹਾ ਜਾ ਸਕਦਾ ਹੈ ਕਿਉਂ ਕਿ ਆਦਿ-ਮੱਧ-ਅੰਤ ਇਹ ਪ੍ਰਮੇਸ਼ਰੀ ਬਾਣੀ ਮਨੁੱਖ ਨੂੰ ਜਪੁ ਕਰਕੇ ਇਕ ਓਅੰਕਾਰ ਨਾਲ ਸੰਯੋਗ ਕਰਕੇ ਲੀਨ ਹੋਣ ਦਾ ਮਾਰਗ ਦਸਦੀ ਹੈ ਅਤੇ ਸੰਯੋਗ ਕਰਾਂਦੀ ਹੈ।

ਸਿੱਖਾਂ ਦੇ ਧਰਮ ਸ਼ਾਸ਼ਤਰ ਰੂਪੀ ਸੰਗਤੀ ਨਿਤਨੇਮ ਕੀਰਤਨ ਦੀ ਬਾਣੀ ਆਸਾ ਦੀ ਵਾਰ ਬਾਣੀ ਨਾਲ ਸਲੋਕ ਤਾਂ ਕਰਤਾਰਪੁਰ ਵਿਚ ਹੀ ਜੜੇ ਗਏ ਸਨ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਥੇ ਜਾਮੇ ਦੇ ਛੰਦਾਂ ਨਾਲ ਕੀਰਤਨ ਦਾ ਆਰੰਭ ਮਿਥ ਕੇ ਇਸ ਧਰਮ ਸ਼ਾਸ਼ਤਰ ਨੂੰ ਵੇਦ ਤੋਂ ਵੇਦਾਂਤ ਤੱਕ ਸਾਰੇ ਸ਼ਾਸ਼ਤਰ ਗਿਆਨ ਦਾ ਸਪੱਸ਼ਟ, ਸਰਲ ਤੇ ਸੰਖੇਪ ਸਾਰ ਬਣਾ ਕੇ ਪੂਰਨ ਗਿਆਨ ਗਾਇਨ (ਸ਼ਰੁਤੀ-ਮੰਤ੍ਰ-ਛੰਦ-ਸੰਕੀਰਤਨ) ਬਣਾ ਦਿੱਤਾ। ਇਸ ਧਰਮ ਸ਼ਾਸ਼ਤਰ ਵਿਚ ਮਨੁੱਖ, ਪਰਿਵਾਰ, ਸਮਾਜ, ਰਾਜਨੀਤੀ ਬਾਰੇ ਸੁਚੇਤ ਮਾਰਗ ਦਰਸ਼ਨ ਕਰਦੇ ਹੋਏ ਕੂੜਿਆਰ ਤੇ ਸਚਿਆਰ ਮਾਰਗਾਂ ਦਾ ਵਿਵੇਚਨ ਸਪਸ਼ਟ ਕੀਤਾ ਗਿਆ ਹੈ। ਜਪੁ ਦੇ ਅਰਥ ਵਿਆਖਿਆ ਦੇ ਰੂਪ ਵਿਚ ਭਗਤੀ ਦੀ ਮੁੱਢ ਕਦੀਮੀ ਪਰੰਪਰਾ ਦੀ ਉਪਮਾ ਵੀ ਜੱਗ ਜ਼ਾਹਿਰ ਕੀਤੀ ਗਈ-(ਛੰਤ ਮਹਲਾ ਚੌਥਾ)

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ।*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦ ਤਰਾਇਆ।*
*ਅਹੰਕਾਰੀਆਂ ਨਿੰਦਕਾਂ ਪਿਠਿ ਦੇਇ*
*ਨਾਮ ਦੇਉ ਮੁਖਿ ਲਾਇਆ।*
*ਜਨ ਨਾਨਕ ਐਸਾ ਹਰਿ ਸੇਵਿਆ*
*ਅੰਤ ਲਏ ਛਡਾਇਆ।*

ਕੀਰਤਨ ਕਰਦੇ ਸੁਣਦੇ ਹੋਏ ਅਸੀਂ ਅਨੇਕਾ ਭਗਤਾਂ ਦੀ ਪਰਮਾਤਮਾ ਵੱਲੋਂ ਰੱਖਿਆ ਦੇ ਪ੍ਰਸੰਗ ਛੁਹੰਦੇ ਹਾਂ ਜਿੰਨਾਂ ਦੀਆਂ ਪੂਰਨ ਕਥਾਵਾਂ ਜਾਣਨ ਲਈ ਸਬੰਧਿਤ ਕਥਾ ਗ੍ਰੰਥ ਪੜ੍ਹਨੇ ਪੈਂਦੇ ਹਨ। ਨਾਮੁ ਜਪੁ ਕਰਨ ਵਾਲੇ ਦੇ ਸੁਆਸਾਂ ਉਤੇ ਜਦੋਂ ਨਾਮ ਸ਼ਬਦ ਪਰਵਾਹਿਤ ਹੋ ਜਾਦਾ ਹੈ ਤੇ ਉਸਨੂੰ ਅਜਪਾ ਜਾਪ ਕਹਿੰਦੇ ਹਨ ਅਤੇ ਪ੍ਰਾਣ ਸ਼ਕਤੀ (ਸੁਆਸਾਂ) ਦਾ ਇਹ ਕੀਰਤਨ ਹੀ ਅਨਹਦ ਨਾਦ ਤੱਕ ਪੁਚਾਣ ਨੂੰ ਸਮਰੱਥ ਹੈ। ਹਿਰਦੇ ਦੀ ਧੜਕਣ ਦੀਆਂ ਸੁਰਾਂ ਨਾਲ ਜਦੋਂ ਸੁਆਸ ਸ਼ਬਦ ਤਾਲ ਦੇਣਾ ਆਰੰਭ ਕਰਦੇ ਹਨ ਤਾਂ ਅਜਿਹੇ ਕੀਰਤਨ ਨੂੰ ਅੱਖਰਾਂ ਵਿਚ ਕੋਈ ਰਿਸ਼ੀ-ਸਾਧ ਕਲਮ ਬੰਧ ਨਹੀਂ ਕਰ ਸਕਿਆ। ਇਸੇ ਅੰਤਰ ਕੀਰਤਨ ਦੇ ਵਿਕਾਸ ਵਿਚ ਅਨਹਦ ਨਾਦ ਪੈਦਾ ਹੁੰਦਾ ਹੈ ਜਿਥੇ ਅੱਖਰ ਨਹੀਂ ਹੁੰਦੇ ਕੇਵਲ ਪੰਜ ਸਾਜ਼ਾਂ ਦੀ ਧੁਨਕਾਰ ਹੁੰਦੀ ਹੈ। ਦਸ ਨਾਦ ਸੁਰਾਂ ਵਿਚੋਂ ਪੰਜ ਧੁਨੀਆਂ (ਸ਼ਬਦ) ਵੀਣਾ, ਮ੍ਰਿਦੰਗ, ਬਾਂਸੁਰੀ, ਮੰਜੀਰਾ ਤੇ ਸੰਖ- ਪ੍ਰਮੁੱਖ ਹਨ ਇਸੇ ਲਈ ਅਨਹਦ ਨਾਦ ਨੂੰ ਪੰਜ ਸ਼ਬਦ (ਧੁਨੀਆਂ) ਨਾਲ ਗੁਰਬਾਣੀ ਪ੍ਰਚਿਤ ਕਰਾਂਦੀ ਹੈ-

*ਘਰ ਮਹਿ ਘਰੁ ਦੇਖਾਇ ਦੇ*
*ਸੋ ਸਤਿਗੁਰੁ ਪੁਰਖੁ ਸੁਜਾਣੁ।*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।*
(ਮਲਾਰ ਪਹਿਲਾ-1291)

*ਉਲਟਿ ਕਮਲੁ ਅੰਮ੍ਰਿਤ ਭਰਿਆ*
*ਇਹੁ ਮਨੁ ਕਤਹੁ ਨਾ ਜਾਇ ॥*

*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ।*

(ਮਲਾਰ ਪਹਿਲਾ-1291)

*ਵਾਜੇ ਪੰਚ ਸ਼ਬਦ ਤਿਤੁ ਘਰਿ ਸਭਾਗੈ।*
*ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ।*
*ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ।*
*ਧੁਰਿ ਕਰਮਿ ਪਾਇਆ ਤੁਧੁ*
*ਜਿਨ ਕਉ ਸਿ ਨਾਮ ਹਰਿ ਕੈ ਲਾਗੇ।*
*ਕਹੁ ਨਾਨਕ ਤਹ ਸੁਖੁ ਹੋਆ*
*ਤਿਤੁ ਘਰਿ ਅਨਹਦ ਵਾਜੇ।5।*

(ਰਾਮਕਲੀ ਅਨੰਦ-ਤੀਜਾ-917

ਆਸਾ ਦੀ ਵਾਰ ਦੀ ਅੰਤਿਮ ਪਉੜੀ ਤੇ ਦੋ ਸਲੋਕ ਕੇਵਲ ਪ੍ਰਭੂ ਉਸਤਤਿ ਦਾ ਆਤਮ ਪ੍ਰਕਾਸ਼ੀ ਕੀਰਤਨ ਕਰਦੇ ਹਨ-

*ਸਲੋਕ- ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ—*
*ਸਲੋਕ-ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ—*
*ਪਉੜੀ-ਵਡੇ ਕੀਆ ਵਡਿਆਈਆ*
*ਕਿਛੁ ਕਹਣਾ ਕਹਣ ਨ ਜਾਇ.....*
*ਸੋ ਕਰੇ ਜਿ ਤਿਸੈ ਰਜਾਇ॥*

ਇਕ ਓਅੰਕਾਰ ਦੀ ਸ੍ਰਿਸ਼ਟੀ ਕਰਤਾ, ਭਰਤਾ, ਹਰਤਾ ਰੂਪ ਵਿਚ ਉਪਮਾ ਕਰਕੇ (ਹੁਕਮ) ਰਜਾਈ ਦਾ ਸਚਿਆਰ ਹੋਣ ਵਾਲਾ ਸਿਧਾਂਤ ਇਥੇ ਪ੍ਰਤੱਖ ਪ੍ਰਮਾਣਿਤ ਕੀਤਾ ਹੈ। ਕੀਰਤਨ ਦੇਹਧਾਰੀ ਮਨੁੱਖ ਹੀ ਕਰਦੇ ਹਨ ਅਤੇ ਦੇਹਧਾਰੀ ਗੁਰੂ ਨਾਨਕ ਨੇ ਦੇਹਧਾਰੀ ਰਬਾਬੀ ਮਰਦਾਨਾ ਨੂੰ ਨਾਲ ਲੈ ਕੇ ਇਹ ਧੁਰ ਕੀ ਬਾਣੀ ਦੇ ਬੈਕੁੰਠੀ ਕੀਰਤਨ ਨੂੰ ਧਰਤੀ 'ਤੇ ਉਤਾਰਿਆ। ਇਸ ਕੀਰਤਨ ਦਾ ਦੈਹਿਕ ਗਾਇਨ ਸੰਗੀਤ ਰੂਪ ਹੀ ਸ੍ਰੋਤਾ-ਵਕਤਾ ਸੁਰਤਿ ਨੂੰ ਬਿਦੇ ਹੀ ਆਨੰਦ, ਅੰਮ੍ਰਿਤ, ਆਤਮ ਅਨਾਹਦ ਨਾਦ ਰੂਪੀ "ਧੁਰ" ਤੱਕ ਲੈ ਜਾਣ ਲਈ ਸਭ ਤੋਂ ਸੌਖਾ ਸਰਲ ਅਤੇ ਪੂਰਨ ਸਮਰੱਥ ਮਾਰਗ ਹੈ। ਇਸੇ ਲਈ ਗੁਰੂ ਨਾਨਕ ਨੇ ਪ੍ਰਭੂ ਨਾਮ ਸ਼ਬਦ ਸੰਕੀਰਤਨ ਨੂੰ ਗੁਰਸਿੱਖੀ ਚੇਤਨਾ ਦੀ ਆਤਮਾ ਨੂੰ ਪ੍ਰਕਾਸ਼ਿਤ ਕਰਨ ਦਾ ਅਨਦ ਮਾਰਗ ਬਣਾ ਦਿੱਤਾ ਹੈ, ਇਹ ਆਤਮ ਰਸ ਹਰ ਕੋਈ ਲੈ ਸਕਦਾ ਹੈ।

ਕੀਰਤਨ ਨਾਲ ਜੁੜੀ ਗੁਰਬਾਣੀ ਦਾ ਅਲਪੱਗ ਵਿਚਾਰ ਵੀ ਉਪਰੋਕਤ ਗੁਰੂ ਮਾਰਗ ਸਥਾਪਨਾ ਨੂੰ ਪ੍ਰਗਟ ਕਰਦਾ ਹੋਇਆ ਆਤਮ ਰਸ ਨਾਲ ਜੋੜਦਾ ਹੈ-

*ਸੋ ਕਿਛੁ ਕਰਿ ਜਿਤ ਮੈਲੁ ਨ ਲਾਗੈ,*
*ਹਰਿ ਕੀਰਤਨ ਮਹਿ ਏਹੁ ਮਨੁ ਜਾਗੈ।*

(ਗਉੜੀ ਪੰਜਵਾਂ-199)

ਮਨ ਦੇ ਜਾਗ੍ਰਿਤ ਹੋਣ ਲਈ ਨਿਰਮਲਤਾ, ਵਿਸ਼ੇ ਵਿਕਾਰ ਦਵੰਦਾਂ ਤੋਂ ਰਹਿਤ ਜਰੂਰੀ ਹੈ। ਇਸ ਲਈ ਗੁਰਮਤਿ ਦਸਾਏ ਸਦਾਚਾਰੀ ਜੀਵਨ ਨਾਲ ਹੀ ਮਨ ਕੀਰਤਨ ਵਿਚ ਜਾਗ੍ਰਿਤ ਹੋਏਗਾ।

*ਕੀਰਤਨੁ ਨਿਰਮੋਲਕ ਹੀਰਾ॥ ਅਨੰਦ ਗੁਣੀ ਗਹੀਰਾ॥*
*ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥*

(ਰਾਮਕਲੀ ਪੰਜਵਾਂ-893)

ਕੀਰਤਨ ਰੂਪੀ ਹੀਰੇ ਦਾ ਮੁੱਲ ਕੇਵਲ ਪ੍ਰਮਾਤਮਾ ਹੀ ਪ੍ਰਗਟ ਕਰਕੇ ਗੰਭੀਰ ਅਨੰਦ, ਆਤਮ ਰਸ ਅੰਮ੍ਰਿਤ ਦੇਂਦਾ ਹੈ ਜਿਸ ਨੇ ਅਨਹਦ ਨਾਦ ਦੇ ਖਜ਼ਾਨੇ ਦੀ ਕੁੰਜੀ ਸੰਤਾਂ ਨੂੰ ਸੌਂਪੀ ਹੋਈ ਹੈ। ਇਸੇ ਲਈ ਗੁਰਬਾਣੀ ਗ੍ਰੰਥ ਜਹਾਨ ਦੇ ਸਿਰਜਕ ਸ੍ਰੀ ਗੁਰੂ ਅਰਜਨ ਦੇਵ ਜੀ (ਪੰਨਾ-519) ਫੁਰਮਾਂਦੇ ਹਨ-

*ਮਨ ਮਹਿ ਚਿਤਵਹੁ ਚਿਤਵਨੀ*
*ਉਦਮੁ ਕਰਉ ਉਠਿ ਨੀਤ॥*
*ਹਰਿ ਕੀਰਤਨ ਕਾ ਆਹਰੋ*
*ਹਰਿ ਦੇਹੁ ਨਾਨਕ ਕੇ ਮੀਤ॥*

ਅਤੇ ਕੀਰਤਨ ਨਾਲ ਮਿਲਣ ਵਾਲੇ ਅਕੱਥ-ਅਨੰਦ-ਅੰਮ੍ਰਿਤ ਬਾਰੇ ਕੋਈ ਭੁਲੇਖਾ ਨਾ ਰੱਖਦੇ ਇਸ ਆਤਮ ਰਸ ਸੰਗੀਤ ਨਾਲ ਜੋੜਦੇ ਹਨ-

*ਅਨਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨ ਗਾਇ।*
*ਅਵਰ ਸਿਆਣਪ ਛਾਡਿ ਦੇਹਿ ਨਾਨਕ ਉਧਰਸਿ ਨਾਇ।*

*(932)*

ਇਸ ਤਰ੍ਹਾਂ ਕੀਰਤਨ ਗਾਇਨ-ਸ੍ਰਵਣ ਵਿਚ ਲੀਨ ਹੋ ਕੇ ਗੁਰੂ ਕੀ ਬਾਣੀ (ਸ਼ਬਦ) ਰਾਜ ਜੋਗ ਦੀ ਪ੍ਰਾਪਤੀ ਕਰਾ ਦੇਂਦੀ ਹੈ-

*ਰਾਜ ਲੀਲਾ ਤੇਰੈ ਨਾਮਿ ਬਣਾਈ।*
*ਜੋਗੁ ਬਨਿਆ ਤੇਰਾ ਕੀਰਤਨੁ ਗਾਈ।*
*ਸਰਬ ਸੁਖਾ ਬਨੇ ਤੇਰੈ ਓਲੈ।*
*ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ। ਰਹਾਉ।*

(ਆਸਾ ਪੰਜਵਾਂ-385)

ਅਜੇਹੇ ਸਥਾਨ ਦੀ ਖੋਜ ਭਾਵੇਂ ਗੁਰਦੁਆਰਿਆਂ ਦੇ ਕੀਰਤਨੀ ਨੇਮ ਨਾਲ ਸਭ ਲਈ ਸਰਲ ਸੁਲਭ ਹੈ ਪਰ ਗੁਰੂ ਜੀ ਅਹਿਨਿਸ ਕੀਰਤਨ ਚਾਹੁੰਦੇ ਹਨ-

*ਸੋ ਅਸਥਾਨੁ ਬਤਾਵਹੁ ਮੀਤਾ।*

*ਜਾ ਕੈ ਹਰਿ ਹਰਿ ਕੀਰਤਨੁ ਨੀਤਾ।*

(ਆਸਾ ਪੰਜਵਾਂ-385)

ਪ੍ਰਭੂ ਪਿਆਰੇ ਬੈਰਾਗੀ ਮਨ ਗੁਰਮਤਿ ਅਨੁਸਾਰ ਏਕਾਂਤ ਕੀਰਤਨ ਕਰਕੇ ਵੀ ਮਨ ਨੂੰ ਜਾਗ੍ਰਿਤ ਕਰਕੇ ਅਨਹਦ ਨਾਦ ( ਆਤਮ ਰਸ ਸੰਗੀਤ) ਤੱਕ ਪੁੱਜ ਸਕਦੇ ਹਨ-

*ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ।*
*ਰਬਾਬੁ ਪਖਾਵਜ ਤਾਲ ਘੁੰਘਰੂ*
*ਅਨਹਦ ਸਬਦੁ ਵਜਾਵੈ ॥1। ਰਹਾਉ (381)*

ਕੀਰਤਨ ਤਾਂ ਉਹੀ ਸਫਲ ਹੈ ਜੋ ਲੋਕ ਸੁਖੀਏ ਪਰਲੋਕ ਸੁਹੇਲੇ ਕਰੇ-

*ਐਸਾ ਕੀਰਤਨੁ ਕਰਿ ਮਨ ਮੇਰੇ।*
*ਈਹਾ ਊਹਾ ਜੋ ਕਾਮਿ ਤੇਰੈ॥*

ਗਉੜੀ ਪੰਜਵਾਂ-236

ਅਜੇਹੇ ਕੀਰਤਨੀਏ ਹੀ ਕੀਰਤਨ ਦੀ ਗੁਰੂ ਦ੍ਰਿਸ਼ਟਾ ਆਤਮ ਰਸ ਮੰਜ਼ਿਲ ਪ੍ਰਾਪਤ ਕਰਦੇ ਹਨ-

*ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ।*
*ਕਹੁ ਨਾਨਕ ਜਿਸ ਸਤਿਗੁਰੁ ਪੂਰਾ।*

ਗਉੜੀ ਪੰਜਵਾਂ-236

ਇਸ ਲਈ ਗੁਰੂ ਜੀ ਨਿਰੰਤਰ ਪ੍ਰੇਰਣਾ-ਉਪਦੇਸ਼-ਆਦੇਸ਼ ਦੇਂਦੇ ਹਨ-

*ਭਲੋ ਭਲੋ ਰੇ ਕੀਰਤਨੀਆ।*
*ਰਾਮ ਰਮਾ ਰਾਮਾ ਗੁਨ ਗਾਉ।*
*ਛੋਡਿ ਮਾਇਆ ਕੇ ਧੰਧ ਸੁਆਉ। ਰਹਾਉ।*

ਰਾਮਕਲੀ ਪੰਜਵਾਂ-885

ਜਪੁ ਰੂਪੀ ਬਾਣੀ ਮੂਲ, ਸਚਿਆਰ ਕੂੜਿਆਰ ਦੇ ਨਿਰਣੇ ਨਾਲ ਹੁਕਮ ਦੀ ਹਉਮੈ ਰਹਿਤ ਦੀਖਿਆ ਦੇਕੇ, ਅੰਤਿਮ ਸਲੋਕ ਵਿਚ "ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ" ਦੇ ਸਿਧਾਂਤ ਦੇ ਧਰਤੀ ਧਰਾਤਲ 'ਤੇ ਲੈ ਆਉਂਦੀ ਹੈ। ਇਸੇ ਤਰ੍ਹਾਂ ਕੀਰਤਨ ਦੀ ਉਪਮਾ ਦੇ ਨਾਲ ਕਰਿਤਨੀਏ ਦੇ ਸੰਸਾਰੀ ਜੀਵਨ ਨੂੰ ਗੁਰਮਤਿ ਵਿਚ ਰੱਖਣ ਲਈ ਜੇਕਰ ਜਰੂਰੀ ਹੈ ਕਿ ਉਹ-"ਛੋਡਿ ਮਾਇਆ ਕੇ ਧੰਧ ਸੁਆਉ" ਦੀ ਤੁਕ ਆਤਮਸਾਤ ਕਰ ਸਕੇ, ਇਸ ਲਈ ਇਸ ਅੰਤਲੀ ਤੁਕ ਦਾ ਮੇਲਵਾਂ ਅਰਥ (ਸਾਧ ਸੰਗਤਿ ਦੀ ਜਿੰਮੇਵਾਰੀ) ਹੀ ਲੈਣਾ ਪਵੇਗਾ-

*ਸਾਧ ਸੰਗਤਿ ਕੀ ਜਾਵਉ ਟੇਕ।*
*ਕਹੁ ਨਾਨਕ ਤਿਸ ਕੀਰਤਨੁ ਏਕ। (885)*

ਹਰੇਕ ਗੁਰਦੁਆਰੇ ਦੀ ਪ੍ਰਬੰਧਕ ਜੁਗਤਿ ਦਾ ਫਰਜ਼ ਹੈ ਕਿ ਕੀਰਤਨੀਆਂ ਨੂੰ "ਦੌਲਤ ਗੁਜਰਾਨ" ਦੇ ਨੇਮ ਨਾਲ ਸੇਵਾ ਫਲ ਰੋਜੀਨਾ ਖੁੱਲ੍ਹਾ ਦੇਵੇ। ਕੀਰਤਨ ਦੀ ਭੇਟ ਤਾਂ ਸਿਰ ਹੁੰਦਾ ਹੈ। ਪਰ ਸੰਗਤ ਵੱਲੋਂ ਕੀਤੀ ਮਾਇਕ ਭੇਟ ਵੱਲ ਕਿਸੇ ਕਮੇਟੀ ਨੂੰ ਨੇਮੀ ਅਨੇਮੀ ਝਪਟਾ ਨਹੀਂ ਮਾਰਨਾ ਚਾਹੀਦਾ। ਰਿਹਾਇਸ਼ ਸੁਤੰਤਰ ਦਿੱਤੀ ਜਾਏ ਅਤੇ ਰਿਹਾਇਸ਼ ਭੱਤਾ ਯੋਗ ਨਿਵਾਸ ਲਈ ਪੂਰਾ ਦਿੱਤਾ ਜਾਏ। ਰਾਗੀ-ਕੀਰਤਨੀਏ ਤੇ ਗ੍ਰੰਥੀ ਦੀ ਸਾਂਝੀ ਸੇਵਾ ਕਰਨ ਵਾਲਿਆਂ ਪ੍ਰੇਮੀਆਂ ਨੂੰ ਸੰਗਤਾਂ ਕੋਲੋਂ ਰੋਟੀਆਂ ਇਕੱਠੀਆਂ ਕਰਨ ਨਾਲੋਂ ਗੁਰਦੁਆਰੇ ਵਿਚ ਲੰਗਰ ਜੁਗਤਿ ਹੀ ਰੱਖੀ ਜਾਏ। ਇਸ ਤਰ੍ਹਾਂ ਗੁਰੂ ਨਾਨਕ ਦੇ ਸਥਾਪਿਤ ਸੰਗਤ ਪੰਗਤ ਦੇ ਦੋਵੇਂ ਤਖਤ ਇਕ ਦੂਜੇ ਨੂੰ ਪ੍ਰਫੁੱਲਿਤ ਕਰਨਗੇ। ਗ੍ਰੰਥੀ-ਕੀਰਤਨੀਏ ਲੰਗਰ ਆਪ ਬਣਾ ਕੇ ਛਕਣ ਤੇ ਲੋੜਵੰਦ ਨੂੰ ਛਕਾਣ। ਇਸ ਲਈ ਰਾਸ਼ਨ ਪ੍ਰਬੰਧ ਕਮੇਟੀ ਨੇਮ ਨਾਲ ਦੇਵੇ। ਅਜਿਹੀ ਸੁਵਿਧਾ ਵਿਚ ਕੀਰਤਨੀਏ ਬੇਫਿਕਰ ਹੋ ਕੇ ਪ੍ਰਸੰਨਤਾ ਨਾਲ ਆਤਮ ਰਸ ਕੀਰਤਨ ਕਰਕੇ ਹੀ ਸੰਗਤਾਂ ਵਿਚ ਕੀਰਤਨ ਰਸ ਵੰਡ ਸਕਦੇ ਹਨ। ਸੰਗਠਿਤ ਹੋ ਕੇ ਕੀਰਤਨ ਨੂੰ ਧੰਧ ਸੁਆਉ ਬਣਾ ਲੈਣ ਵਾਲੇ ਜਥੇ ਆਤਮ ਰਸ ਕੀਰਤਨ ਦੀ ਘੋਸ਼ਣਾ ਕਰਦੇ ਹਨ, ਪਰ ਜਿੰਨਾਂ ਚਿਰ ਬਹੁਮਤ ਕੀਰਤਨੀਏ ਤਨ-ਪਰਿਵਾਰ ਚਿੰਤਾ ਵਿਚ ਸਾਧ ਸੰਗਤ ਕੀ ਟੇਕ ਨੂੰ ਉਦਾਰ ਚੇਤਾ ਹੋਣਾ ਲੋਚਦੇ ਹਨ ਉਨਾ ਚਿਰ ਆਤਮ ਰਸ ਦੇ ਅਰਥ ਕਰਨੇ ਵੀ ਔਖੇ ਹਨ।

---

*162ਏ, ਗਰੇਨ ਮਾਰਕੀਟ, ਮਧਿਆ ਮਾਰਗ,*
*ਚੰਡੀਗੜ੍ਹ*

# ਸੰਗਰਾਂਦ ਦਾ ਮਹੱਤਵ

(ਗਿਆਨੀ) ਗੁਰਵਿੰਦਰ ਸਿੰਘ

ਮੈਨੂੰ ਕਿਸੇ ਨੇ ਇਸ ਵਿਸ਼ੇ 'ਤੇ ਪ੍ਰਸ਼ਨ ਕੀਤਾ ਸੀ ਕਿ ਸੰਗਰਾਂਦ ਕਿਉਂ ਮਨਾਈ ਜਾਂਦੀ ਹੈ? ਇਸੇ ਪ੍ਰਸ਼ਨ ਦਾ ਉਤਰ ਦੇਣ ਲਈ ਮੈਂ ਇਹ ਛੋਟਾ ਜਿਹਾ ਲੇਖ ਲਿਖ ਰਿਹਾ ਹਾਂ। ਦਰਅਸਲ ਸੰਸਾਰ ਦੇ ਭੁੱਲੇ ਭਟਕੇ ਤੇ ਵਹਿਮਾਂ ਭਰਮਾਂ ਦਾ ਸ਼ਿਕਾਰ ਲੋਕਾਂ ਨੂੰ ਸਿੱਧੇ ਤੇ ਨੇਕ ਰਸਤੇ ਉਪਰ ਤੋਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਰਹ ਮਾਹ ਦਾ ਉਚਾਰਨ ਕੀਤਾ ਸੀ ਜੋ ਕਿ ਰਾਗ ਮਾਝ ਵਿਚ ਅਧੀਨ ਦਰਜ ਹੈ। ਜਦ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਹ ਮਾਹ ਦੀ ਬਾਣੀ ਰਾਗ ਤੁਖਾਰੀ ਉਤੇ ਅਧਾਰਿਤ ਹੈ।

ਇਥੇ ਅਸੀਂ ਕੇਵਲ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਰਹ ਮਾਹ ਮਾਝ (ਪੰਨਾ 133-136) ਦੇ ਪਾਠ ਬਾਰੇ ਹੀ ਗੱਲ ਕਰਾਂਗੇ। ਬਾਰਾਹ ਮਾਹ ਦੇ ਆਰੰਭ ਤੋਂ ਅਖੀਰ ਦੀਆਂ ਪਉੜੀਆਂ ਵਿਚ ਭੂਮਿਕਾ ਤੇ ਸਾਰ ਵਰਣਿਤ ਹੈ ਜਦ ਕਿ ਬਾਕੀ ਦੀਆ ਬਾਰਾਂ ਪਉੜੀਆਂ ਵਿਚ ਸਾਲ ਦੇ ਬਾਰਾਂ ਮਹੀਨਿਆ ਦੇ ਕੁਦਰਤ ਦੇ ਬਦਲਦੇ ਅਨੋਖੇ ਰੰਗ ਰੂਪਾਂ ਨੂੰ ਚਿਤਰਿਤ ਕਰਨ ਤੋਂ ਇਲਾਵਾ ਜੀਵਾਤਮਾ ਦੇ ਨਿਰਾਕਾਰ ਪ੍ਰਮਾਤਮਾ ਨਾਲ ਜੁੜਨ ਦੀ ਜੁਗਤ ਵੀ ਦੱਸੀ ਗਈ ਹੈ, ਜਿਵੇਂ ਕਿ ਗੁਰੂ ਸਾਹਿਬ ਬਾਰਹ ਮਾਹ ਦੀ ਭੂਮਿਕਾ ਵਿਚ ਫੁਰਮਾਉਂਦੇ ਹਨ-

*ਕਿਰਤਿ ਕਰਮ ਕੇ ਵੀਛੁੜੇ*
*ਕਰਿ ਕਿਰਪਾ ਮੇਲਹੁ ਰਾਮ॥*
*ਚਾਰਿ ਕੁੰਟ ਦਹ ਦਿਸ ਭ੍ਰਮੇ*
*ਥਕਿ ਆਇ ਪ੍ਰਭ ਕੀ ਸਾਮ॥*

ਆਓ! ਹੁਣ ਅਸੀਂ ਬਾਰਹ ਮਾਹ ਦੀ ਬਾਣੀ ਵਿਚ ਵਰਣਿਤ ਬਾਰ੍ਹਾਂ ਕੁਦਰਤੀ (ਦੇਸੀ) ਮਹੀਨਿਆਂ ਵਿਚ ਪ੍ਰਭੂ ਸਿਮਰਨ ਕਰਨ ਨਾਲ ਪ੍ਰਾਪਤ ਹੁੰਦੇ ਫਲ ਬਾਰੇ ਕੁਝ ਜਾਣੀਏ-

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥*

ਗੁਰੂ ਜੀ ਫੁਰਮਾਉਂਦੇ ਹਨ ਕਿ ਚੇਤਰ ਦਾ ਮਹੀਨਾ ਪ੍ਰਮਾਤਮਾ ਦੀ ਮਿਹਰ ਨੂੰ ਪ੍ਰਤੱਖ ਰੂਪ ਵਿਚ ਚਾਰੇ ਪਾਸੇ ਬਿਖੇਰ ਦਿੰਦਾ ਹੈ ਅਤੇ ਕੁਦਰਤ ਦਾ ਇਹ ਵਿਕਾਸ ਮਨੁੱਖ ਅੰਦਰ ਬਾਹਰ ਪ੍ਰਮਾਤਮਾ ਦੇ ਜਲੌਅ ਨੂੰ ਪ੍ਰਚੰਡ ਕਰ ਦਿੰਦਾ ਹੈ।

*ਵੈਸਾਖਿ ਧੀਰਨਿ ਕਿਉ ਵਾਢੀਆ*
*ਜਿਨਾ ਪ੍ਰੇਮ ਬਿਛੋਹੁ॥*

ਇਸ ਪਉੜੀ ਵਿਚ ਗੁਰੂ ਜੀ ਵਿਸਾਖ ਦੇ ਮਹੀਨੇ ਵਿਚ ਆਤਮਿਕ ਆਨੰਦ ਦੀ ਪ੍ਰਤੀਤੀ ਦੀ ਗੱਲ ਕਰਦੇ ਹੋਏ ਮਨੁੱਖ ਨੂੰ ਇਹ ਵੀ ਤਾੜਨਾ ਕਰਦੇ ਹਨ ਕਿ ਪ੍ਰਭੂ ਦੀ ਯਾਦ ਤੋਂ ਸੱਖਣਾ ਮਨੁੱਖ ਦੁਖੀ ਜੀਵਨ ਹੀ ਗੁਜ਼ਾਰਦਾ ਹੈ।

*ਹਰਿ ਜੇਠਿ ਜੁੜੰਦਾ ਲੋੜੀਐ*
*ਜਿਸੁ ਅਗੈ ਸਭਿ ਨਿਵੰਨਿ॥*

ਗੁਰੂ ਜੀ ਨੇ ਜੇਠ ਦੇ ਮਹੀਨੇ ਨੂੰ ਹਰੀ ਚਰਨਾਂ ਵਿਚ ਜੁੜਨ ਵਾਲਾ ਮਹੀਨਾ ਕਿਹਾ ਹੈ। ਗੁਰੂ ਜੀ ਨੇ ਇਹ ਵੀ ਫੁਰਮਾਇਆ ਹੈ ਕਿ ਨਾਮ ਸਿਮਰਨ ਵਾਲਾ ਮਨੁੱਖ ਹੀ ਲੋਕ ਪ੍ਰਲੋਕ ਵਿਚ ਸ਼ੋਭਾ ਖੱਟਦਾ ਹੈ।

*ਆਸਾੜੁ ਤਪੰਦਾ ਤਿਸੁ ਲਗੈ*
*ਹਰਿ ਨਾਹੁ ਨ ਜਿੰਨਾ ਪਾਸਿ॥*

ਗੁਰੂ ਜੀ ਦਾ ਫੁਰਮਾਨ ਹੈ ਕਿ ਹਾੜ ਦਾ ਮਹੀਨਾ ਤਪਦੀ ਗਰਮੀ ਦਾ ਮਹੀਨਾ ਹੈ ਪਰ ਪ੍ਰਮਾਤਮਾ ਦੀ ਯਾਦ ਵਿਚ ਲੀਨ ਮਨੁੱਖ ਨੂੰ ਤਪਦਾ ਹਾੜ ਵੀ ਸੁਹਾਵਣਾ ਲਗਦਾ ਹੈ।

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ॥*

ਗੁਰੂ ਜੀ ਨੇ ਸਾਉਣ ਦੇ ਮਹੀਨੇ ਨੂੰ ਖੁਸ਼ੀਆਂ ਦਾ ਤੇ ਪ੍ਰਮਾਤਮਾਂ ਦੀ ਬਖਸ਼ਿਸ਼ ਦਾ ਮਹੀਨਾ ਕਿਹਾ ਹੈ। ਇਸ ਮਹੀਨੇ ਪ੍ਰਮਾਤਮਾ ਵਰਖਾ ਰੂਪੀ ਮਿਹਰ ਨਾਲ ਕੁਦਰਤ ਨੂੰ ਜੀਵਨ ਅੰਮ੍ਰਿਤ ਰੂਪੀ ਜਲ ਵੀ ਪ੍ਰਦਾਨ ਕਰਦਾ ਹੈ।

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*

ਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਭਾਦੋਂ ਦਾ ਮਹੀਨਾ ਵੀ ਕੁਦਰਤ ਵਿਚ ਹੁੰਮਸ, ਗਰਮੀ ਤੇ ਬੇਚੈਨੀ ਨੂੰ ਵਧਾਉਂਦਾ ਹੈ ਪਰ ਜਿਸ ਮਨੁੱਖ ਦੇ ਮਨ ਵਿਚ ਪ੍ਰਮਾਤਮਾ ਦਾ ਨਿਵਾਸ ਹੁੰਦਾ ਹੈ, ਉਸ ਮਨੁੱਖ ਨੂੰ ਕੋਈ ਭਟਕਣਾ ਤੇ ਬੇਚੈਨੀ ਨਹੀਂ ਹੁੰਦੀ।

*ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*

ਗੁਰੂ ਜੀ ਦਾ ਕਹਿਣਾ ਹੈ ਕਿ ਅੱਸੂ ਦੀ ਮਿੱਠੀ ਮਿੱਠੀ

ਰੁੱਤ ਮਨੁੱਖ ਵਿਚ ਆਪਣੇ ਪਿਆਰੇ ਭਾਵ ਪ੍ਰਮਾਤਮਾ ਦੇ ਮੇਲ ਦੀ ਤਾਂਘ ਨੂੰ ਹਲੂਣਾ ਦਿੰਦੀ ਹੈ।

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*

ਗੁਰੂ ਜੀ ਕਹਿੰਦੇ ਹਨ ਕਿ ਕੱਤਕ ਦਾ ਮਹੀਨਾ ਮਿੱਠੀ ਸੁਹਾਵਣੀ ਰੁੱਤ ਦਾ ਪ੍ਰਤੀਕ ਹੈ, ਜਿਸ ਵਿਚ ਪ੍ਰੀਤਮ ਪਿਆਰੇ 'ਤੇ ਉਸ ਦਾ ਸਾਥ ਅਕਹਿ ਸੁਖ ਦਿੰਦਾ ਹੈ ਤੇ ਮਨੁੱਖ ਨੂੰ ਉਸ ਦੇ ਕੀਤੇ ਕਰਮਾਂ ਦਾ ਫਲ ਮਿਲਦਾ ਹੈ।

*ਮਘਿਰਿ ਮਾਹਿ ਸੋਹੰਦੀਆਂ ਹਰਿ ਪਿਰ ਸੰਗਿ ਬੈਠੜੀਆਹ ॥*

ਗੁਰੂ ਜੀ ਦਾ ਫੁਰਮਾਨ ਹੈ ਕਿ ਮੱਘਰ ਦੇ ਠੰਡੇ ਮਿੱਠੇ ਮਹੀਨੇ ਵਿਚ ਪ੍ਰਮਾਤਮਾ ਦੇ ਪਿਆਰ ਵਿਚ ਭਿੱਜੀਆਂ ਹੋਈਆਂ ਪਵਿੱਤਰ ਰੂਹਾਂ ਦਾ ਜੀਵਨ ਅਕਿਹ ਆਨੰਦ ਨਾਲ ਭਰ ਜਾਂਦਾ ਹੈ।

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*

ਗੁਰੂ ਜੀ ਦਾ ਕਹਿਣਾ ਹੈ ਕਿ ਜੋ ਮਨੁੱਖ ਪ੍ਰਮਾਤਮਾ ਤੇ ਉਸ ਦੇ ਨਾਮ ਸਿਮਰਨ ਨਾਲ ਜੁੜੇ ਹੋਏ ਹਨ, ਪੋਹ ਦੇ ਮਹੀਨੇ ਦੀ ਕੱਕਰ ਵਰਗੀ ਠੰਡ ਵੀ ਉਹਨਾਂ ਮਨੁੱਖਾਂ ਦੇ ਹੱਡਾਂ ਵਿਚ ਨਹੀਂ ਵੜ ਸਕਦੀ।

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*

ਇਸ ਪਉੜੀ ਵਿਚ ਗੁਰੂ ਜੀ ਮਨੁੱਖ ਨੂੰ ਮਾਘ ਦੇ ਮਹੀਨੇ ਵਿਚ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਵਰਗੇ ਕਰਮ-ਕਾਂਡਾਂ ਤੋਂ ਹਟਾ ਕੇ ਗੁਰਮੁਖਾਂ ਦੀ ਸੰਗਤ ਕਰਨ ਅਤੇ ਪ੍ਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਦੇ ਹਨ।

*ਫਲਗੁਣਿ ਅਨੰਦ ਉਪਾਰਜਨਾ*
*ਹਰਿ ਸੱਜਣ ਪ੍ਰਗਟੇ ਆਇ ॥*

ਗੁਰੂ ਜੀ ਦਾ ਫੁਰਮਾਨ ਹੈ ਕਿ ਫੱਗਣ ਦਾ ਮਹੀਨਾ ਤਨ ਅਤੇ ਮਨ ਦੋਹਾਂ ਲਈ ਹੀ ਖੇੜੇ, ਵਿਕਾਸ ਅਤੇ ਉਤਪਤੀ ਦਾ ਸੂਚਕ ਹੈ।

ਇਸ ਤਰ੍ਹਾਂ ਬਾਰਹ ਮਾਹ ਇਕ ਅਜਿਹੀ ਰੱਬੀ ਬਾਣੀ ਹੈ, ਜਿਸ ਰਾਹੀਂ ਕੁਦਰਤ ਦੇ ਲਗਾਤਾਰ ਬਦਲਦੇ ਵਿਲੱਖਣ ਰੂਪਾਂ ਨੂੰ ਤੱਕ ਕੇ ਪ੍ਰਭੂ ਨਾਲ ਪ੍ਰੀਤ ਰੱਖਣ ਵਾਲੀ ਜੀਵ ਆਤਮਾ ਵਿਸਮਾਦ ਤੇ ਖੇੜੇ ਨਾਲ ਭਰ ਉਠਦੀ ਹੈ ਤੇ ਨਾਲ ਹੀ ਉਸ ਜੀਵਾਤਮਾ ਦੀ ਆਪਣੇ ਖਾਲਕ ਨੂੰ ਮੁੜ ਮਿਲਣ ਦੀ ਤਾਂਘ ਵੀ ਤੀਬਰ ਹੋ ਉਠਦੀ ਹੈ। ਜੀਵਾਤਮਾ ਨੂੰ ਪ੍ਰਮਾਤਮਾ ਨਾਲ ਮੁੜ ਮਿਲਣ ਦਾ ਰਸਤਾ ਦੱਸਣ ਲਈ ਹੀ ਸੰਗਰਾਂਦ ਮਨਾਈ ਜਾਂਦੀ ਹੈ।

*ਗੁਰਦੁਆਰਾ ਮਾਤਾ ਅਜੀਤ ਕੌਰ, ਗੀਤਾ ਕਲੋਨੀ,*
*ਗਲੀ ਨੰਬਰ-1, ਜਗਰਾਉਂ (ਲੁਧਿਆਣਾ)*

# ਤਬਲੇ ਦਾ ਜਾਦੂਗਰ-ਉਸਤਾਦ ਅੱਲਾ ਰੱਖਾ ਖਾਨ

ਸੁਰਪ੍ਰੀਤ ਕੌਰ

ਭਾਰਤੀ ਸ਼ਾਸ਼ਤਰੀ ਸੰਗੀਤ ਵਿਚ ਤਾਲ ਦੀ ਬੜੀ ਵਿਲੱਖਣ ਭੂਮਿਕਾ ਹੈ। ਕੋਈ ਵੀ ਗਾਇਨ ਜਾਂ ਵਾਦਨ ਤਾਲ ਬਿਨਾਂ ਫਿੱਕਾ ਹੀ ਰਹਿੰਦਾ ਹੈ। ਇਸੇ ਲਈ ਸ਼ਾਸ਼ਤਰੀ ਸੰਗੀਤ ਵਿਚ ਗਾਇਕ ਅਤੇ ਵਾਦਕ ਦੇ ਨਾਲ ਨਾਲ ਤਬਲਾ ਵਾਦਕ ਦੀ ਵੀ ਬਹੁਤ ਅਹਿਮੀਅਤ ਹੈ। ਉਸਤਾਦ ਅੱਲਾ ਰੱਖਾ ਖਾਨ ਇਸੇ ਤਰ੍ਹਾਂ ਦਾ ਉੱਚ ਕੋਟੀ ਦਾ ਤਬਲਾ ਵਾਦਕ ਸੀ, ਜਿਸ ਨੇ ਆਪਣੇ ਤਬਲਾ ਵਾਦਨ ਸਦਕਾ ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਚੋਖਾ ਨਾਮਣਾ ਖੱਟਿਆ ਹੈ।

ਅੱਲਾ ਰੱਖਾ ਦਾ ਜਨਮ 1915 ਈ. ਨੂੰ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਇਲਾਕੇ ਰਤਨਗੜ੍ਹ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਹਾਸ਼ਿਮ ਅਲੀ ਸੀ ਅਤੇ ਉਹ ਕਿੱਤੇ ਵਜੋਂ ਕਿਸਾਨ ਸੀ। ਉਸ ਦੀ ਇੱਛਾ ਸੀ ਕਿ ਉਸ ਦਾ ਪੁੱਤਰ ਅੱਲਾ ਰੱਖਾ ਵੀ ਆਪਣੇ ਪਿਉ ਦਾਦੇ ਦਾ ਜੱਦੀ ਕਿੱਤਾ ਖੇਤੀਬਾੜੀ ਕਰੇ ਪਰ ਅੱਲਾ ਰੱਖਾ ਦੀ ਕਿਸਮਤ ਵਿਚ ਕੁਝ ਵੱਖਰਾ ਹੀ ਲਿਖਿਆ ਹੋਇਆ ਸੀ। ਕਿਉਂ ਕਿ ਅੱਲਾ ਰੱਖਾ ਨੂੰ ਗਾਉਣ ਦਾ ਵੀ ਬਹੁਤ ਸ਼ੌਕ ਸੀ, ਇਸ ਲਈ ਉਹ ਆਪਣੇ ਇਲਾਕੇ ਵਿਚ ਆਉਂਦੀਆਂ ਸੰਗੀਤ ਮੰਡਲੀਆ ਅਤੇ ਨਾਟਕ ਮੰਡਲੀਆਂ ਵਿਚ ਜ਼ਿਆਦਾ ਰੁਚੀ ਰੱਖਣ ਲੱਗ ਪਿਆ ਸੀ।

15 ਸਾਲ ਦੀ ਉਮਰ ਵਿਚ ਉਹ ਪਠਾਨਕੋਟ ਦੀ ਇਕ ਸੰਗੀਤ-ਨਾਟਕ ਮੰਡਲੀ ਨਾਲ ਕੰਮ ਕਰਨ ਲੱਗ ਗਿਆ। ਇਥੇ ਹੀ ਉਸ ਦੀ ਮੁਲਾਕਾਤ ਲਾਹੌਰ ਦੇ ਮਸ਼ਹੂਰ ਤਬਲਾ ਵਾਦਕ ਉਸਤਾਦ ਕਾਦਰ ਬਖਸ਼ ਦੇ ਸ਼ਾਗਿਰਦ ਤਬਲਾ ਵਾਦਕ ਲਾਲ ਮੁਹੰਮਦ ਨਾਲ ਹੋਈ। ਅੱਲਾ ਰੱਖਾ ਨੇ ਲਾਲ ਮੁਹੰਮਦ ਤੋਂ ਤਬਲਾ ਸਿੱਖਣਾ ਸ਼ੁਰੂ ਕਰ ਦਿੱਤਾ ਅਤੇ ਫਿਰ ਇਸ ਕਲਾ ਵਿਚ ਪ੍ਰਬੀਨ ਹੋਣ ਲਈ ਉਹ ਲਾਹੌਰ ਚਲਾ ਗਿਆ। ਲਾਹੌਰ ਘਰਾਣੇ ਦੇ ਤਬਲਾ ਵਾਦਕਾਂ ਦੀ ਪਰੰਪਰਾ ਉਸਤਾਦ ਕਾਦਰ ਬਖਸ਼ ਦੇ ਦਾਦੇ ਉਸਤਾਦ ਫਕੀਰ ਬਖਸ਼ ਤੋਂ ਹੀ ਸ਼ੁਰੂ ਹੁੰਦੀ ਹੈ। ਇਹ ਘਰਾਣਾ ਬਾਅਦ ਵਿਚ ਪੰਜਾਬ ਬਾਜ ਦੀ ਵਿਲੱਖਣ ਸ਼ੈਲੀ ਕਰਕੇ ਪੂਰੇ ਭਾਰਤ ਵਿਚ ਪ੍ਰਸਿੱਧ ਹੋ ਗਿਆ। ਅੱਲਾ ਰੱਖਾ ਦੇ ਤਬਲਾ ਵਾਦਨ ਤੋਂ ਪ੍ਰਭਾਵਿਤ ਹੋ ਕੇ ਉਸਤਾਦ ਕਾਦਰ ਬਖਸ਼ ਨੇ ਉਸੇ ਪਲ ਉਸ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਅੱਲਾ ਰੱਖਾ ਨੇ ਦਿਨ-ਰਾਤ ਮਿਹਨਤ ਕਰਕੇ ਪੰਜਾਬ ਬਾਜ ਦੀ ਤਬਲਾ ਵਾਦਨ ਸ਼ੈਲੀ ਨੂੰ ਦੇਸ਼-ਵਿਦੇਸ਼ਾਂ ਵਿਚ ਪ੍ਰਚੱਲਿਤ ਕਰ ਦਿੱਤਾ। ਇਹ ਉਸਤਾਦ ਅੱਲਾ ਰੱਖਾ ਖਾਨ ਦੇ ਤਬਲਾ ਵਾਦਨ ਦੇ ਜਾਦੂ ਦਾ ਹੀ ਸਿੱਟਾ ਹੈ ਕਿ ਅੱਜ ਸਮੁੱਚੇ ਭਾਰਤ ਵਿਚ ਤਬਲਾ ਵਾਦਨ ਦੇ ਖੇਤਰ ਵਿਚ ਪੰਜਾਬ ਬਾਜ ਸ਼ੈਲੀ ਦੀ ਪ੍ਰਧਾਨਤਾ ਹੈ। ਅੱਜ ਕੱਲ੍ਹ ਇਸ ਸ਼ੈਲੀ ਨੂੰ ਉਸਤਾਦ ਅੱਲਾ ਰੱਖਾ ਖਾਨ ਦਾ ਹੋਣਹਾਰ ਸਪੁੱਤਰ ਜਾਕਿਰ ਹੁਸੈਨ ਸਿਖਰਾਂ ਉਤੇ ਪਹੁੰਚਾ ਰਿਹਾ ਹੈ।

ਲਾਹੌਰ ਵਿਚ ਹੀ ਅੱਲਾ ਰੱਖਾ ਨੂੰ ਇਕ ਰਿਕਾਰਡਿੰਗ ਕੰਪਨੀ ਵਿਚ 40 ਰੁਪਏ ਮਹੀਨੇ ਦੀ ਨੌਕਰੀ ਮਿਲ ਗਈ। ਲਾਹੌਰ ਉਦੋਂ ਕਲਾ, ਸੰਗੀਤ, ਸਾਹਿਤ ਤੇ ਫਿਲਮਾਂ ਆਦਿ ਕਲਾਤਮਿਕ ਸਰਗਰਮੀਆਂ ਦਾ ਕੇਂਦਰ ਸੀ। ਉਸਤਾਦ ਅੱਲਾ ਰੱਖਾ ਖਾਨ ਦੀ ਪ੍ਰਸਿੱਧਤਾ ਵਧਣ ਦੇ ਨਾਲ ਹੀ ਉਸ ਨੂੰ ਲਾਹੌਰ ਰੇਡੀਉ ਸਟੇਸ਼ਨ ਉਤੇ ਵੀ ਪ੍ਰੋਗਰਾਮ ਮਿਲਣ ਲੱਗ ਪਏ। ਸਟੇਸ਼ਨ ਡਾਇਰੈਕਟਰ ਬੁਖਾਰੀ ਸਾਹਿਬ ਨੇ ਅੱਲਾ ਰੱਖਾ ਨੂੰ ਤਰੱਕੀ ਦੇ ਕੇ ਦਿੱਲੀ ਰੇਡੀਉ ਸਟੇਸ਼ਨ ਭੇਜ ਦਿੱਤਾ। ਇਥੇ ਉਸ ਨੂੰ 60 ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲਦੀ ਰਹੀ। ਫਿਰ ਜਦੋਂ ਬੁਖਾਰੀ ਸਾਹਿਬ ਬੰਬਈ ਸਟੇਸ਼ਨ 'ਤੇ ਚਲੇ ਗਏ ਤਾਂ ਉਹਨਾਂ ਨੇ ਅੱਲਾ ਰੱਖਾ ਨੂੰ ਵੀ ਬੰਬਈ ਰੇਡੀਉ ਸਟੇਸ਼ਨ 'ਤੇ ਬੁਲਾ ਲਿਆ।

ਅੱਲਾ ਰੱਖਾ 1948 ਤੱਕ ਬੰਬਈ ਰੇਡੀਉ ਸਟੇਸ਼ਨ ਉਤੇ ਕੰਮ ਕਰਦੇ ਰਹੇ। ਹੌਲੀ ਹੌਲੀ ਉਹਨਾਂ ਦਾ ਝੁਕਾਅ ਫਿਲਮਾਂ ਵੱਲ ਹੋ ਗਿਆ। ਉਹਨਾਂ ਨੇ ਏ.ਆਰ.ਕੁਰੈਸ਼ੀ ਦੇ ਨਾਂ ਹੇਠ ਕਈ ਫਿਲਮਾਂ ਵਿਚ ਸੰਗੀਤ ਨਿਰਦੇਸ਼ਨ ਵਜੋਂ ਵੀ ਕੰਮ ਕੀਤਾ।

ਤਬਲਾ ਵਾਦਨ ਵਿਚ ਵੱਖ ਵੱਖ ਤਰ੍ਹਾਂ ਦੀਆਂ ਲੈਅਕਾਰੀਆਂ ਵਿਖਾਉਣ ਵਿਚ ਅੱਲਾ ਰੱਖਾ ਲਾਜਵਾਬ ਸੀ। ਜੇਕਰ ਉਹ ਸੋਲਾਂ ਮਾਤਰਾਂ ਦੀ ਤੀਨ ਤਾਲ ਵਜਾ ਰਿਹਾ ਹੁੰਦਾ ਤਾਂ ਉਸ ਵਿਚ ਦਸ ਮਾਤਰਾਂ ਦੀ ਝੱਪ ਤਾਲ, ਬਾਰਾਂ ਮਾਤਰਾਂ ਦਾ ਏਕ ਤਾਲ ਅਤੇ ਸੱਤ ਮਾਤਰਾਂ ਦਾ

ਰੂਪਕ ਤਾਲ ਇਸ ਤਰ੍ਹਾਂ ਫਿੱਟ ਕਰ ਦਿੰਦਾ ਸੀ ਕਿ ਸੁਣਨ ਵਾਲੇ ਅਸ਼ ਅਸ਼ ਕਰ ਉਠਦੇ, ਜਦੋਂ ਅੱਲਾ ਰੱਖਾ ਰਵੀ ਸ਼ੰਕਰ ਵਰਗੇ ਪ੍ਰਸਿੱਧ ਸਿਤਾਰ ਵਾਦਕ ਨਾਲ ਸੰਗਤ ਕਰ ਰਿਹਾ ਹੁੰਦਾ ਤਾਂ ਦੋਹਾਂ ਦੀ ਭਿੜੰਤ ਸੁਣਨ ਵਾਲੀ ਹੁੰਦੀ। ਪੰਡਤ ਰਵੀ ਸ਼ੰਕਰ ਦੇ ਸਿਤਾਰ ਵਾਦਨ ਦੀ ਹਰ ਤਾਲ, ਤਿਹਾਈ ਅਤੇ ਲੈਅਕਾਰੀ ਦਾ ਜਵਾਬ ਅੱਲਾ ਰੱਖਾ ਜਿਸ ਖ਼ੂਬਸੂਰਤੀ ਨਾਲ ਪੇਸ਼ ਕਰਦਾ ਸੀ, ਉਸ ਨੂੰ ਸ਼ਬਦਾਂ ਵਿਚ ਬਿਆਨ ਕਰ ਸਕਣਾ ਨਾਮੁਮਕਿਨ ਹੈ।

ਉਸਤਾਦ ਅੱਲਾ ਰੱਖਾ ਖਾਨ ਉਚ ਕੋਟੀ ਦਾ ਤਬਲਾ ਵਾਦਕ ਹੋਣ ਦੇ ਨਾਲ-ਨਾਲ ਇਕ ਗਾਇਕ ਵੀ ਸੀ। ਪੰਜਾਬ ਅੰਗ ਦੀ ਠੁਮਰੀ ਗਾਉਣ ਵਿਚ ਵੀ ਉਸ ਦਾ ਕੋਈ ਜਵਾਬ ਨਹੀਂ ਸੀ ਪਰ ਉਸ ਨੇ ਕਦੇ ਵੀ ਗਾਇਨ ਦੇ ਪ੍ਰੋਗਰਾਮ ਪੇਸ਼ ਨਹੀਂ ਕੀਤੇ। ਉਹ ਕੇਵਲ ਆਪਣੇ ਦੋਸਤਾਂ ਮਿੱਤਰਾਂ ਦੀ ਮਹਿਫ਼ਲ ਵਿਚ ਹੀ ਗਾਉਂਦਾ ਸੀ। ਭਾਵੇਂ ਕਿ 3 ਫਰਵਰੀ 2000 ਵਾਲੇ ਦਿਨ ਤਬਲੇ ਦਾ ਇਹ ਉਸਤਾਦ ਸਦਾ ਲਈ ਇਸ ਫਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ ਹੈ ਪਰ ਭਾਰਤੀ ਸ਼ਾਸ਼ਤਰੀ ਸੰਗੀਤ ਵਿਚ ਤਬਲਾ ਵਾਦਨ ਦੇ ਖੇਤਰ ਵਿਚ ਜੋ ਮੁਕਾਮ ਉਸਤਾਦ ਅੱਲਾ ਰੱਖਾ ਖਾਨ ਨੇ ਸਥਾਪਿਤ ਕੀਤੇ ਹਨ, ਉਹ ਸੁਰ ਤੇ ਤਾਲ ਨਾਲ ਪਿਆਰ ਕਰਨ ਵਾਲਿਆਂ ਲਈ ਪ੍ਰੇਰਨਾ ਦੇ ਸੋਮੇ ਬਣਦੇ ਰਹਿਣਗੇ।

*ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

# ਗੁਰਮਤਿ ਸੰਗੀਤ ਸਾਹਿਤ

## ਗੁਰਜੰਤ ਸਿੰਘ ਰਾਹੀ

*ਪੁਸਤਕ ਦਾ ਨਾਮ:- ਗੁਰਮਤਿ ਸੰਗੀਤ ਪ੍ਰਾਚੀਨ ਰੀਤ ਰਾਗ ਰਤਨਾਵਲੀ ਭਾਗ 1 ਅਤੇ 2*
*ਲੇਖਕ - ਭਾਈ ਗੁਰਚਰਨ ਸਿੰਘ, ਅਵਤਾਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ।*
*ਪ੍ਰਕਾਸ਼ਕ:-ਪੰਜਾਬੀ ਯੂਨੀਵਰਸਿਟੀ ਪਟਿਆਲਾ।*

ਸੰਗੀਤ ਪ੍ਰੈਕਟੀਕਲ ਵਿਸ਼ਾ ਹੈ। ਇਸ ਨੂੰ ਸਿੱਖਣ ਲਈ ਕਾਬਲ ਉਸਤਾਦ ਦੀ ਜਰੂਰਤ ਹੈ। ਅੱਜ ਤੱਕ ਏਸੇ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਸੀਨਾਂ ਬਸੀਨਾਂ ਗੁਰੂ ਸ਼ਿਸ਼ ਪਰੰਪਰਾ ਅਨੁਸਾਰ ਇਹ ਵਿਦਿਆ ਸਦੀਆਂ ਤੋਂ ਅੱਜ ਤੱਕ ਜਿਉਂ ਦੀ ਤਿਉਂ ਕਾਇਮ ਹੈ। ਵਿਗਿਆਨ ਦੀ ਤਰੱਕੀ ਨਾਲ ਸੰਗੀਤ ਵਰਗਾ ਵਿਸ਼ਾ ਵੀ ਲਿਖਣ ਵਿਚ ਆਉਣ ਲੱਗ ਪਿਆ ਹੈ। ਸੰਗੀਤ ਅਚਾਰੀਆਂ ਨੇ ਸੰਗੀਤ ਨੂੰ ਲਿੱਪੀ ਬੱਧ ਕਰਨ ਲਈ ਆਪਣਾ ਇਕ ਸ਼ੈਲੀ ਢੰਗ ਅਪਣਾ ਲਿਆ ਹੈ ਜਿਸ ਨੂੰ ਸੰਗੀਤ ਲਿੱਪੀ ਆਖਦੇ ਹਨ। ਇਸ ਲਿੱਪੀ ਦਾ ਪ੍ਰਚਾਰ ਹੋਣ ਨਾਲ ਸਭ ਤੋਂ ਵੱਡਾ ਲਾਭ ਇਹ ਹੋਇਆ ਹੈ ਕਿ ਸੰਗੀਤ ਵਿਚ ਇਕਸਾਰਤਾ ਆ ਗਈ ਹੈ। ਪੁਰਾਤਨ ਰੀਤਾਂ ਤਰਜਾਂ, ਲਿਖਤੀ ਰੂਪ ਵਿਚ ਲਿਆਉਣ ਨਾਲ ਆਪਣੇ ਪਿਉ ਦਾਦਾ ਦਾ ਖਜ਼ਾਨਾ ਅਗਲੀ ਪੀੜ੍ਹੀ ਨੂੰ ਸੌਂਪ ਕੇ ਆਪਣੇ ਯੋਗ ਵਾਰਸ ਪੈਦਾ ਕਰਨ ਵਿਚ ਬਹੁਤ ਸਹਾਇਤਾ ਮਿਲੀ ਹੈ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਸਮੇਂ ਨਾਲ ਹਰੇਕ ਚੀਜ਼ ਬਦਲਦੀ ਹੈ। ਇਹ ਬਦਲਾਅ ਸੰਗੀਤ ਵਿਚ ਵੀ ਆਉਣਾ ਜ਼ਰੂਰੀ ਸੀ। ਇਸ ਬਦਲਾਅ ਨਾਲ ਜਿਥੇ ਬਹੁਤ ਕੁਝ ਨਵਾਂ ਹੋਂਦ ਵਿਚ ਆਇਆ ਹੈ ਉਥੇ ਬਹੁਤ ਸਾਰਾ ਪੁਰਾਣਾ ਗਵਾ ਵੀ ਲਿਆ ਹੈ।

ਬਿਲਕੁਲ ਇਹੀ ਕੁਝ ਗੁਰਮਤਿ ਸੰਗੀਤ ਦੇ ਨਾਲ ਵਾਪਰਿਆ। ਪੁਰਾਣੀਆਂ ਟਕਸਾਲੀ ਬੰਦਿਸ਼ਾਂ, ਪੜਤਾਲਾਂ ਧੁਨੀਆਂ ਜੋ ਸੀਨਾ ਬਸੀਨਾ ਚਲਦੀਆਂ ਆ ਰਹੀਆਂ ਸਨ ਉਹ ਕਿਸੇ ਲਿਖਤ ਵਿਚ ਨਾ ਹੋਣ ਕਰਕੇ ਬੰਦਿਆਂ ਦੇ ਨਾਲ ਹੀ ਮਰ ਗਈਆਂ। ਜਿੰਨ੍ਹਾਂ ਦੇ ਵਾਰਸ ਪੈਦਾ ਹੁੰਦੇ ਗਏ ਅਤੇ ਸਿੱਖਣ ਸਿਖਾਉਣ ਦਾ ਕੰਮ ਸੀਨਾ ਬਸੀਨਾ ਚਲਦਾ ਰਿਹਾ, ਉਹ ਹੀ ਅੱਜ ਸਾਡੇ ਤੱਕ ਪਹੁੰਚ ਸਕੀਆਂ ਹਨ। ਇਸ ਉਪਰਾਲੇ ਸਬੰਧੀ ਮੈਂ ਥੋੜ੍ਹਾ ਜਿਹਾ ਬੀਤੇ ਸਮੇਂ ਵਿਚ ਝਾਤ ਮਾਰਨਾ ਚਾਹੁੰਦਾ ਹਾਂ ਤਾਂ ਕਿ ਸਾਨੂੰ ਵੀ ਗਿਆਨ ਹੋ ਸਕੇ ਕਿ ਕਿੰਨਾਂ ਹਾਲਤਾਂ ਵਿਚੋਂ ਲੰਘਦੇ ਹੋਏ ਦਾਨੇ ਪੁਰਸ਼ਾਂ ਨੇ ਆਪਣੇ ਪਿਉ ਦਾਦੇ ਦੇ ਵਿਰਸੇ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਅਤੇ ਇਕ ਨਵੇਂ ਯੁਗ ਦੀ ਸ਼ੁਰੂਆਤ ਕੀਤੀ। ਜਿਸ ਨਾਲ ਅੱਜ ਦੇ ਵਿਗਿਆਨਕ ਯੁਗ ਦੀ ਰਿਕਾਰਡਿੰਗ ਸੀ.ਡੀ. ਕੰਪਿਊਟਰ ਆਦਿ ਦੀ ਆਊਟ ਪੁਟ ਵੇਖ ਕੇ ਕਿਸੇ ਲਿਖਤ ਜਾਂ ਗਾਇਨ ਨੂੰ ਇਕ ਸਦੀ ਤੱਕ ਸੰਭਾਲ ਰੱਖਣਾ ਆਸਾਨ ਹੋ ਗਿਆ ਹੈ।

ਪੰਜਾਬੀ ਯੂਨੀਵਰਸਿਟੀ ਵਿਖੇ 1965 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਸਥਾਪਨਾ ਹੋਈ ਅਤੇ ਇਸ ਵਿਭਾਗ ਵੱਲੋਂ 1966 ਤੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਮਨਾਉਣਾ ਸ਼ੁਰੂ ਕੀਤਾ। ਗੁਰਬਾਣੀ ਕੀਰਤਨ ਵਿਚ ਇਹ ਸਮਾਂ 1960 ਤੋਂ ਲੈ ਕੇ ਨਿਵਾਣ ਵੱਲ ਲਿਜਾਣ ਦਾ ਸੀ। ਇਸ ਦਾ ਇਕ ਕਾਰਨ ਫਿਲਮੀ ਸੰਗੀਤ ਦਾ ਪ੍ਰਚਾਰ, ਰੇਡੀਓ ਅਤੇ ਲਾਊਡ ਸਪੀਕਰਾਂ ਦਾ ਹੋਂਦ ਵਿਚ ਆਉਣਾ ਸੀ। ਬਹੁਤੇ ਰਬਾਬੀ ਕੀਰਤਨੀਏ ਹਿੰਦ-ਪਾਕਿ ਵੰਡ ਸਮੇਂ ਪਾਕਿਸਤਾਨ ਰਹਿ ਗਏ ਜੋ ਇਧਰ ਆਏ ਉਹਨਾਂ ਨੂੰ ਉਸ ਪੱਧਰ ਦੇ ਸਰੋਤੇ ਅਤੇ ਕਦਰਦਾਨ ਨਹੀਂ ਮਿਲੇ। ਹਿੰਦ-ਪਾਕਿ ਵੰਡ ਹੋਣ ਨਾਲ ਸਾਰੇ ਪਾਸੇ ਇਕ ਉਥਲ ਪੁਥਲ ਜਿਹੀ ਮੱਚ ਗਈ। ਪਾਕਿਸਤਾਨ ਤੋਂ ਉਜੜ ਕੇ ਆਏ ਸਿੱਖਾਂ ਦਾ ਸਮਾਜਿਕ, ਆਰਥਿਕ, ਮਾਨਸਿਕ ਅਤੇ ਧਾਰਮਿਕ ਪੱਧਰ ਅਜੇ ਡਾਵਾਂਡੋਲ ਸੀ। ਇਧਰਲੇ ਪੰਜਾਬ ਵਿਚ ਸਾਧਾਂ ਸੰਤਾਂ ਦੀ ਮਹਾਨਤਾ ਹੋਣ ਕਰਕੇ ਆਮ ਲੋਕਾਂ ਵਿਚ ਢੋਲਕੀ ਚਿਮਟੇ ਵਾਲੇ ਸਿੱਧੀਆਂ ਧਾਰਨਾ ਵਾਲੇ ਕੀਰਤਨ ਦੀ ਸਰਦਾਰੀ ਸੀ ਇਸ ਲਈ ਨਵੇਂ ਸਿਖਿਆਰਥੀ ਗੂੜ ਗਿਆਨ ਰਾਗਦਾਰੀ ਸਿੱਖਣ ਦੀ ਬਜਾਏ ਸਿੱਧੀਆਂ ਸਿੱਧੀਆਂ ਫਿਲਮੀ ਅਤੇ ਸਾਦੀਆਂ ਗੀਤਾਂ ਵਿਚ ਕੀਰਤਨ ਕਰਨ ਅਤੇ ਸੁਣਨ ਵੱਲ ਪ੍ਰੇਰਿਤ ਹੋਏ। ਇਸ ਤਰ੍ਹਾ ਰਾਗੀਆਂ ਵਿਚ ਇਹ ਗੱਲ ਆਮ ਸੁਣਨ ਵਿਚ ਆਉਂਦੀ ਹੈ "ਛੱਡੋ ਜੀ ਅੱਜ ਕੱਲ੍ਹ ਰਾਗ ਕੌਣ ਸੁਣਦਾ

ਹੈ ਜਦੋਂ ਕਿਸੇ ਨੇ ਸੁਣਨਾ ਹੀ ਨਹੀਂ ਫਿਰ ਐਵੇਂ ਮੱਥਾ ਮਾਰਨ ਦਾ ਕੀ ਫਾਇਦਾ" ਇਸ ਦੇ ਨਾਲ ਹੀ ਭਾਈ ਗੋਪਾਲ ਸਿੰਘ ਅਤੇ ਭਾਈ ਸੁਰਜਨ ਸਿੰਘ ਵਰਗੇ ਸਾਦੀਆਂ ਰੀਤਾਂ ਗਾਉਣ ਵਾਲੇ ਰਾਗੀਆਂ ਦਾ ਮਾਨ-ਸਨਮਾਨ ਹੁੰਦਾ ਵੇਖ ਅਤੇ ਭਾਈ ਬਖਸ਼ੀਸ਼ ਸਿੰਘ ਵਰਗੇ ਗੁਣੀ ਆਮ ਪੱਧਰ 'ਤੇ ਜਾ ਖੜ੍ਹੇ। ਇਹ ਕੁਝ ਕਾਰਨ ਲੱਭਦੇ ਹਨ ਜਿੰਨਾਂ ਕਰਕੇ ਨਵੇਂ ਸਿਖਿਆਰਥੀਆਂ ਦੇ ਮਨਾਂ ਵਿਚ ਰਾਗ ਦਾਰੀ ਅਤੇ ਪ੍ਰਾਚੀਨਤਾ ਲਈ ਖਿੱਚ ਘੱਟ ਕਰ ਦਿੱਤੀ। ਪੁਰਾਣਿਆਂ ਨੇ ਇਹਨਾਂ ਰੀਤਾਂ, ਪੜਤਾਲਾਂ, ਧੁਨਾਂ ਨੂੰ ਬੇਲੋੜੀਆਂ ਜਾਣ ਕੇ ਸੰਭਾਲ ਨਾ ਕੀਤੀ ਅਤੇ ਰੋਜ਼ੀ ਰੋਟੀ ਲਈ ਲਾਈਟ ਧੁਨਾਂ ਵੱਲ ਹੱਥ ਮਾਰਨ ਲੱਗੇ। ਮੈਨੂੰ ਯਾਦ ਹੈ ਪ੍ਰੋ. ਹਰਚੰਦ ਸਿੰਘ ਲੁਧਿਆਣੇ ਵਾਲੇ ਇਕ ਗੁਰਪੁਰਬ ਤੇ ਗੁਰਦੁਆਰਾ ਸਿੰਘ ਸਭਾ ਸੰਗਰੂਰ ਵਿਖੇ ਇਕ ਗੁਰਪੁਰਬ ਸਮੇਂ ਕੀਰਤਨ ਲਈ ਬੁਲਾਏ। ਮੈਂ ਕਿਹਾ, ਰਾਗ ਗਾਇਉ, ਉਹਨਾਂ ਜ਼ੋਰ ਲਾ ਕੇ ਵਧੀਆ ਕੀਰਤਨ ਕੀਤਾ। ਮੈਨੂੰ ਤਾਂ ਬੜਾਂ ਆਨੰਦ ਆਇਆ ਪਰ ਸੰਗਤ ਵਿਚੋਂ ਕੁਝ ਸੱਜਣ ਮੈਨੂੰ ਕਹਿਣ ਲੱਗੇ ਇਹ ਕਿਹੋ ਜਿਹੇ ਰਾਗੀ ਸੱਦੇ ਆ ਕੋਈ ਧਾਰਨਾ ਤਾਂ ਪੜ੍ਹਦੇ ਨੀ। ਆ..ਆ..ਜਿਹਾ ਹੀ ਕਰੀ ਜਾਂਦੇ ਐ। ਮੈਨੂੰ ਹੀ ਭਾਈ ਸਾਹਿਬ ਨੂੰ ਕਹਿਣਾ ਪਿਆ ਕਿ ਰਾਤ ਦਾ ਕੀਰਤਨ ਸਾਦਾ ਰੱਖਿਉ। ਤਾਂ ਉਹ ਕਹਿਣ ਲੱਗੇ ਰਾਗ ਗਾਉਣ ਲਈ ਵੀ ਤਾਂ ਤੂੰ ਹੀ ਕਿਹਾ ਸੀ। ਉਸ ਵੇਲੇ ਮੇਰੀ ਜੋ ਹਾਲਤ ਸੀ ਉਹ ਮੈਂ ਹੀ ਜਾਣਦਾ ਹਾਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਉਹਨਾਂ ਇਕ ਪੰਜਾਬੀ ਗਾਣੇ ਦੀ ਤਰਜ਼ ਤੇ ਸ਼ਬਦ ਗਾਇਆ ਤਾਂ ਸਰੋਤੇ ਖੁਸ਼ ਹੋਏ ਤੇ ਚੰਗੀ ਮਾਇਆ ਹੋ ਗਈ। ਇਹ 1975-76 ਦੀ ਗੱਲ ਹੈ।

ਵੈਸੇ ਤਾਂ 1950 ਤੋਂ 1990 ਤੱਕ ਦੇ ਚਾਰ ਦਹਾਕੇ ਗੁਰਮਤਿ ਸੰਗੀਤ ਲਈ ਉਤਰਾਅ ਅਤੇ ਚੜ੍ਹਾਅ ਦੇ ਰਹੇ ਹਨ। ਧੁਰ ਕੀ ਬਾਣੀ ਦਾ ਕੀਰਤਨ ਆਤਮਿਕ ਆਨੰਦ ਦੇਣ ਦੀ ਥਾਂ ਤੇ ਫਿਲਮੀ ਤਰਜ਼ਾਂ ਦਾ ਹੂਬਹੂ ਗਾਇਨ ਕਰਕੇ ਜਿਥੇ ਮਨ ਦਾ ਬਣਿਆ ਟਿਕਾ ਵੀ ਹਿਲਾ ਦਿੰਦਾ ਸੀ। ਫਿਲਮੀ ਗੀਤ ਰਾਹੀਂ ਗਾਏ ਸ਼ਬਦ ਦੇ ਸਮੇਂ ਵਿਚ ਬਿਰਤੀ ਨੂੰ ਸਹਿਜੇ ਹੀ ਸਿਨੇਮੇ ਪਹੁੰਚਾਣ ਵਿਚ ਸਹਾਈ ਹੁੰਦੇ ਸਨ। ਸਰੀਰ ਭਾਵੇਂ ਗੁਰਦੁਆਰੇ ਹੀ ਕਿਉਂ ਨਾ ਬੈਠਾ ਹੋਵੇ। ਅਜਿਹੇ ਕੀਰਤਨ ਤੋਂ ਉਪਰਾਮ ਹੋ ਕੇ ਸੋਝੀ ਵਾਲੇ ਗੁਰਮੁਖਾਂ ਨੇ ਸੋਚਣਾ ਸ਼ੁਰੂ ਕੀਤਾ ਕਿ ਉਹ ਕਿਹੜਾ ਕੀਰਤਨ ਹੈ ਜਿਸ ਦੀ ਕਲਯੁਗ ਵਿਚ ਪ੍ਰਧਾਨਤਾ ਹੈ। ਉਹ ਕਿਹੜਾ ਕੀਰਤਨੀਆ ਹੈ ਜਿਸ ਨੂੰ ਗੁਰੂ ਸਾਹਿਬ ਨੇ ਭਲੋ ਭਲੋ ਰੇ ਕੀਰਤਨੀਆ ਕਿਹਾ ਹੈ।

1966 ਈ. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਵਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮਨਾਇਆ ਗਿਆ। ਜਿਸ ਵਿਚ ਹੋਰ ਰਾਗੀਆਂ ਤੋਂ ਬਿਨਾਂ ਪ੍ਰੋ. ਸੋਹਣ ਸਿੰਘ ਜਲੰਧਰ ਰੇਡੀਓ, ਸ਼ੰਕਰ ਲਾਲ ਮਿਸਰ ਦਿੱਲੀ ਰੇਡੀਓ, ਸ੍ਰ. ਬਲਬੀਰ ਸਿੰਘ ਕਲਸੀ, ਪ੍ਰੋ. ਰਾਜਿੰਦਰ ਸਿੰਘ ਕੁਰੂਕਸ਼ੇਤਰ ਯੂਨੀਵਰਸਿਟੀ, ਕੰਵਰ ਮ੍ਰਿਗਿੰਦਰ ਸਿੰਘ, ਸ੍ਰੀ ਹਰੀਸ਼ ਚੰਦਰ ਬਾਲੀ, ਸ. ਸ਼ਮਸ਼ੇਰ ਸਿੰਘ, ਭਾਈ ਪਿਆਰਾ ਸਿੰਘ, ਹਰਚਰਨ ਸਿੰਘ, ਭਾਈ ਸੁਮੰਦ ਸਿੰਘ, ਭਾਈ ਬਖਸ਼ੀਸ਼ ਸਿੰਘ ਪਟਿਆਲਾ, ਪ੍ਰੋ. ਅਵਤਾਰ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਭਾਈ ਗੁਰਚਰਨ ਸਿੰਘ, ਅਵਤਾਰ ਸਿੰਘ ਦਿੱਲੀ, ਭਾਈ ਧਰਮ ਸਿੰਘ ਜ਼ਖਮੀ, ਭਾਈ ਸੁੱਧ ਸਿੰਘ ਪ੍ਰਧਾਨ ਸਿੰਘ, ਬਾਬਾ ਹਰਨਾਮ ਸਿੰਘ ਜੋਗੀ ਅੰਮ੍ਰਿਤਸਰੀ, ਭਾਈ ਪ੍ਰਤਾਪ ਸਿੰਘ, ਮਹਾਰਜਾ ਜਗਜੀਤ ਸਿੰਘ ਨਾਮਧਾਰੀ, ਭਾਈ ਬੀਰ ਸਿੰਘ ਨਾਮਧਾਰੀ ਹਾਜ਼ਰ ਸਨ। ਜਿਹਨਾਂ ਵਿਚੋਂ ਭਾਈ ਧਰਮ ਸਿੰਘ ਜ਼ਖਮੀ, ਭਾਈ ਪ੍ਰਤਾਪ ਸਿੰਘ ਸਿਧੇ ਤੌਰ ਤੇ ਖਾਨਦਾਨੀ ਰਬਾਬੀ ਸਤਿਗੁਰੂ ਜਗਜੀਤ ਸਿੰਘ ਅਤੇ ਬੀਰ ਸਿੰਘ ਨਾਮਧਾਰੀ ਰਬਾਬੀਆਂ ਤੋਂ ਸਿੱਖੇ।

ਇਹਨਾਂ ਸਾਰਿਆਂ ਦਾ ਕੀਰਤਨ ਸੁਣਨ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਕਿ ਇਸ ਪੁਰਾਤਨ ਕੀਰਤਨ ਨੂੰ ਸੰਭਾਲਿਆ ਜਾਵੇ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਦੇ ਪਿਤਾ ਜੀ ਭਾਈ ਜੁਆਲਾ ਸਿੰਘ ਸੈਦਪੁਰ ਠੱਟਾ ਟਿੱਬਾ ਕਪੂਰਥਲਾ ਜਿਹਨਾਂ ਦਾ ਖਾਨਦਾਨ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਾਗੀ ਰਹੇ ਹਨ। ਅੱਜ ਤੱਕ ਇਹ ਵਿੱਦਿਆ ਇਸ ਖਾਨਦਾਨ ਵਿਚ ਸੀਨਾ ਬਸੀਨਾ ਚਲੀ ਆ ਰਹੀ ਹੈ। ਪੰਜਾਬੀ ਯੂਨੀਵਰਸਿਟੀ ਵੱਲੋਂ ਇਕ ਸੰਗੀਤ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਭਾਈ ਅਰਦਮਨ ਸਿੰਘ ਬਾਗੜੀਆ, ਪ੍ਰੋ. ਸੋਹਣ ਸਿੰਘ ਮੁਖੀ ਸੰਗੀਤ ਵਿਭਾਗ, ਪ੍ਰੋ. ਅਜੀਤ ਸਿੰਘ ਪੇਂਤਲ ਸੰਗੀਤ ਵਿਭਾਗ ਦਿੱਲੀ ਯੂਨੀਵਰਸਿਟੀ, ਭਾਈ ਜੋਧ ਸਿੰਘ, ਡਾ. ਤਾਰਨ ਸਿੰਘ ਸਿੱਖ ਸਕਾਲਰ ਅਤੇ ਸ੍ਰ. ਕ੍ਰਿਪਾਲ ਸਿੰਘ ਨਾਰੰਗ ਵਾਇਸ ਚਾਂਸਲਰ ਦੀ ਅਗਵਾਈ ਵਿਚ ਗਠਨ ਕੀਤੀ ਗਈ। ਜਿਸ ਵਿਚ ਫੈਸਲਾ ਲਿਆ ਗਿਆ ਕਿ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ ਜੀ ਨੂੰ ਬੇਨਤੀ ਕੀਤੀ ਜਾਵੇ ਕਿ ਪ੍ਰਚੀਨ ਰੀਤਾਂ ਦੀਆਂ ਟੇਪਾਂ ਰਿਕਾਰਡ ਕਰਵਾ ਕੇ ਅਤੇ ਉਹਨਾਂ ਨੂੰ ਲਿੱਪੀ ਬੱਧ ਕਰਕੇ

ਦੇਣ ਤਾਂ ਕਿ ਉਹਨਾਂ ਨੂੰ ਪੁਸਤਕ ਰੂਪ ਵਿਚ ਛਪਵਾ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਨੂੰ ਮਹਿਫੂਜ਼ ਰੱਖਿਆ ਜਾ ਸਕੇ।

ਭਾਈ ਸਾਹਿਬ ਹੋਰਾਂ ਨੇ 1973 ਤੋਂ ਲੈ ਕੇ 1976 ਈ. ਤੱਕ 492 ਗੀਤਾਂ ਟੇਪ ਕਰਵਾਈਆਂ ਅਤੇ ਉਹਨਾਂ ਨੂੰ ਲਿੱਪੀ ਬੱਧ ਕੀਤਾ। ਇਹਨਾਂ ਨਾਲ ਤਬਲਾ ਸੰਗਤ ਭਾਈ ਸਵਰਨ ਸਿੰਘ ਹੋਰਾਂ ਨੇ ਕੀਤੀ। ਕਿਉਂ ਕਿ ਉਹ ਵੀ ਪ੍ਰਾਚੀਨ ਬਾਜ (ਪਖਾਵਜ ਅੰਗ) ਖੁੱਲ੍ਹੇ ਬੋਲਾਂ ਦਾ ਤਬਲਾ ਵਜਾਉਣ ਦੀ ਮੁਹਾਰਤ ਰੱਖਦੇ ਸਨ।

ਇਹਨਾਂ ਸਾਰੀਆਂ ਗੀਤਾਂ ਨੂੰ ਜਿਉਂ ਦਾ ਤਿਉਂ ਦੀ ਥਿਊਰੀ ਅਨੁਸਾਰ ਲਿੱਪੀ ਬੱਧ ਕੀਤਾ ਗਿਆ। ਭਾਵੇਂ ਕਿ ਕਈ ਰਾਗਾਂ ਦਾ ਸਰੂਪ, ਚਲਨ ਅੱਜ ਬਦਲ ਗਿਆ ਹੈ ਪਰ ਭਾਈ ਸਾਹਿਬ ਨੇ ਪ੍ਰਾਚੀਨ ਸਰੂਪ ਕਾਇਮ ਰੱਖਿਆ ਹੈ। ਇਹ ਸਾਰਾ ਕੁਝ 988 ਪੰਨਿਆਂ ਵਿਚ ਅੰਕਿਤ ਕੀਤਾ ਗਿਆ ਹੈ।

ਪਹਿਲੇ ਭਾਗ ਦੇ ਸ਼ੁਰੂ ਵਿਚ ਤਬਲੇ ਦੇ ਤਾਲਾਂ ਦੇ ਸਰੂਪ ਲਿਖਣ ਤੋਂ ਬਾਅਦ ਪੁਰਾਤਨ ਕੀਰਤਨ ਦੀ ਮਰਿਆਦਾ ਇਸ ਤਰ੍ਹਾਂ ਲਿਖੀ ਗਈ ਹੈ:

1 ਪਹਿਲਾਂ ਸ਼ਾਨ (ਲਹਿਰਾ) ਵਜਾਉਣਾ।

2 ਮੰਗਲ ਚਰਨ ਡੰਡੋਤ ਬੰਦਨਾ ਬਿਲੰਬਿਤ ਚਾਰ ਤਾਲ, ਧਮਾਰ ਤਾਲ ਧਰੁਪਦ ਅੰਗ ਵਿਚ ਕਰਨੀ।

3 ਧਰੁਪਦ ਅੰਗ ਵਿਚ ਵੱਡੇ ਤਾਲ ਵਿਚ ਨਿਬਧ ਰਾਗ ਦਾ ਸ਼ਬਦ ਗਾਉਣਾ (ਉਸ ਸਮੇਂ ਖਿਆਲ ਅੰਗ ਦੀ ਗਾਇਕੀ ਦਾ ਜ਼ਿਆਦਾ ਪ੍ਰਚਾਰ ਨਹੀਂ ਸੀ ਇਸ ਕਰਕੇ ਧਰੁਪਦ ਅੰਗ ਦੀ ਗਾਇਕੀ ਦੀ ਪ੍ਰਧਾਨਤਾ ਸੀ)।

4 ਸੌਖੀ ਗੀਤ ਵਿਆਖਿਆ ਅਤੇ ਸਾਖੀ ਸੁਨਾਉਣੀ।

5 ਅਖੀਰ ਵਿਚ ਉਸੇ ਰਾਗ ਦੀ ਪਉੜੀ ਲਾਉਣੀ ਅਤੇ ਸਮਾਪਤੀ।

ਰਾਗਾਂ ਦੇ ਵਿਵਰਣ ਵਿਚ ਰਾਗ ਦੀ ਮੁੱਢਲੀ ਜਾਣ ਪਹਿਚਾਣ ਅਰੋਹ ਅਵਰੋਹ ਪਕੜ ਤੋਂ ਬਾਅਦ ਰਾਗ ਦਾ ਵਿਸਥਾਰਤ ਅਲਾਪ ਅਤੇ ਫਿਰ ਬੰਦਸ਼ਾਂ।

ਰਾਗ ਸਿਰੀ, ਮਾਝ, ਗਉੜੀ ਦੇ 12 ਪ੍ਰਕਾਰ ਰਾਗ ਆਸਾ ਵਿਚ, 43 ਸ਼ਬਦ, ਆਸਾਵਰੀ 21, ਗੂਜਰੀ 14, ਗੂਜਰੀ ਤੋੜੀ ਤੇ ਖਟ ਗੂਜਰੀ ਦੇਵ ਗੰਧਾਰੀ, ਆਸਾ ਤੇ ਆਸਾਵਰੀ ਅੰਗ, ਭੈਰੋ ਅੰਗ, ਬਿਲਾਵਲ ਅੰਗ, 19 ਸ਼ਬਦ, ਬਿਹਾਗੜਾ 17, ਬਿਹਾਗ 4, ਵਡਹੰਸ 15, ਸੋਰਠ 26, ਜੈਤਸਰੀ 10, ਟੋਡੀ 12, ਬੈਰਾੜੀ 2, ਤਿਲੰਗ 12, ਧਨਾਸਰੀ 12, ਭੀਮ ਧਨਾਸਰੀ 2, ਮੁਲਤਾਨੀ ਅੰਗ 5, ਪੂਰਵੀ ਅੰਗ, ਭੈਰਵੀ ਅੰਗ ਅਤੇ ਧਨਾਸਰੀ ਮਿਸ਼ਰਤ ਬੰਦਸ਼ਾਂ ਵੱਖ ਵੱਖ ਤਾਲਾਂ ਵਿਚ ਪਹਿਲੇ ਭਾਗ ਵਿਚ ਲਿਖੀਆਂ ਗਈਆਂ ਹਨ।

ਦੂਜੇ ਭਾਗ ਵਿਚ: ਰਾਗ ਸੂਹੀ 7, ਸੂਹੀ ਪ੍ਰਭਾਤੀ ਸੂਹੀ ਆਸਾ, ਸੂਹੀ ਲਲਿਤ 4.

ਬਿਲਾਵਲ: ਸ਼ੁਕਲ ਬਿਲਾਵਲ, ਏਮਨੀ ਬਿਲਾਵਲ, ਨੱਟ ਬਿਲਾਵਲ 14 ਬੰਦਸ਼ਾਂ, ਮਾਲੀ ਗਉੜਾ 3, ਬੈਰਾਗੀ ਭੈਰਓ 2, ਅਨੰਦ ਭੈਰਓ 2, ਬੰਗਾਲ ਭੈਰਓ, ਸ਼ਿਵਮਤ ਭੈਰਓ, ਕਲਿੰਗੜਾ ਭੈਰਓ ਦੀਆਂ ਇਕ ਇਕ ਬੰਦਸ਼ਾਂ।

ਬਸੰਤ: 16, ਹਿੰਡੋਲ 2, ਸੋਹਣੀ ਬਸੰਤ 1, ਬਸੰਤ ਪੂਰਵੀ ਅੰਗ, ਪੁਰਾਤਨ ਬਸੰਤ ਬਹਾਰ 9, ਬਸੰਤ ਬਹਾਰ ਕਾਫੀ ਅੰਗ 2, ਬੁਢਾ ਬਸੰਤ 4, ਹੋਲੀ ਕਾਫੀ ਅੰਗ 1, (ਗੁਰਸੇਵਓ ਕਰ ਨਮਸਕਾਰ) ਧਮਾਰ ਵਿਚ।

ਸਾਰੰਗ 17, ਸੁਧ ਸਾਰੰਗ 3, ਮੀਆਂ ਕੀ ਸਾਰੰਗ, ਸਾਮੰਤ ਸਾਰੰਗ, ਨੂਰ ਸਾਰੰਗ, ਗੌਂਡ ਸਾਰੰਗ।

ਰਾਗ ਮਲਾਰ:5, ਗੌਂਡ ਮਲਾਰ 2, ਨੱਟ ਮਲ਼ਾਰ, ਮੀਆਂ ਕੀ ਮਲਾਰ, ਮੇਘ ਮਲਾਰ, ਮੇਘਦੇਸ ਮਲਾਰ, ਸੂਰਦਾਸੀ ਮਲਾਰ, 10 ਬੰਦਸ਼ਾਂ।

ਕਾਨੜਾਂ 18, ਗਾਰਾ ਕਾਨੜਾ 1, ਦਰਬਾਰੀ ਕਾਨੜਾ, ਜਿਸ ਵਿਚ ਖਟ ਤਾਲ, 18 ਮਾਤਰਾਂ ਵਿਚ ਬੰਦਸ਼। ਰਾਗ ਬਾਗੇਸ਼ਵਰੀ 4, ਕਲਿਆਣ ਏਮਨ 6, ਕਲਿਆਣ 3, ਸੁਧ ਕਲਿਆਣ 2, ਹਮੀਰ ਕਲਿਆਣ 5, ਪੂਰੀਆ ਕਲਿਆਣ 2, ਸਾਵਨੀ ਕਲਿਆਣ।

ਪ੍ਰਭਾਤੀ 3, ਪ੍ਰਭਾਤੀ ਭੈਰਓ ਅੰਗ, ਬਿਭਾਸ ਅੰਗ, ਬਿਭਾਸ ਮਾਰਵਾ ਅੰਗ, ਬਿਭਾਸ ਭੈਰਓ ਅੰਘ, ਜੈਜਾ ਵੰਤੀ ਪੁਰਾਤਨ ਅਤੇ ਦੂਸਰਾ ਅੰਗ।

ਧੁਨੀਆਂ ਅਤੇ ਪਉੜੀਆਂ ਦੀਆਂ 19 ਬੰਦਿਸ਼ਾਂ ਜਿਸ ਵਿਚ 17 ਰਾਗਾਂ ਦੀਆਂ ਵਾਰਾਂ ਦੀਆਂ, ਆਸਾ ਦੀ ਵਾਰ ਦੀ ਪਉੜੀ ਅਤੇ ਬਸੰਤ ਕੀ ਵਾਰ ਦੀ ਪਉੜੀ ਦੀ ਸੁਰ ਲਿਪੀ ਅੰਕਤ ਹੈ। ਅਖੀਰ ਤੇ ਲਾਵਾਂ ਦੀ ਪਹਿਲੀ ਅਤੇ ਚੌਥੀ ਲਾਵ ਦੀ ਟਕਸਾਲੀ ਬੰਦਿਸ਼ ਦੀ ਸੁਰ ਲਿਪੀ ਲਿਖੀ ਹੈ।

ਇਹ ਸਾਰੀਆਂ 492 ਬੰਦਿਸ਼ਾਂ ਖੱਟ ਤਾਲ 18 ਮਾਤਰਾਂ, 21 ਮਾਤਰਾਂ, ਪੰਚਮ ਸਵਾਰੀ ਤੀਲ, ਆਢਾ ਚਾਰ ਤਾਲ, ਚਾਰਤਾਲ, ਧਮਾਰ, ਏਕ ਤਾਲ, ਰੂਪਕ, ਚੈਂਚਲ (ਦੀਪ ਚੰਦੀ) ਝੱਪ ਤਾਲ, ਤੀਨਤਾਲ, ਆਦਿ

ਤਾਲਾਂ ਵਿਚਤਾਲ ਬੱਧ ਕੀਤੀਆਂ ਗਈਆਂ ਹਨ।

ਭਾਈ ਸਾਹਿਬ ਜੀ ਨੇ ਬੜੀ ਮਿਹਨਤ ਨਾਲ ਇਹ ਸਾਰਾ ਕਾਰਜ ਬੜੇ ਸੁਖੈਨ ਢੰਗ ਨਾਲ ਕੀਤਾ ਹੈ ਤਾਂ ਕਿ ਥੋੜੀ ਜਿਹੀ ਮਿਹਨਤ ਕਰਨ ਨਾਲ ਇਹ ਗੀਤਾਂ ਗਾਈਆਂ ਵਜਾਈਆਂ ਜਾ ਸਕਣ। ਬਹੁਤ ਸਾਰੇ ਅਜਿਹੇ ਰਾਗ ਹਨ ਜੋ ਅੱਜ ਕਲ੍ਹ ਪ੍ਰਚਾਰ ਵਿਚ ਨਹੀਂ ਹਨ। ਸਿਆਣੇ ਰਾਗੀ ਸਿੰਘ ਗੁਰਮਤਿ ਸੰਗੀਤ ਦੇ ਅਧਿਆਪਕਾਂ ਅਤੇ ਸਿਖਿਆਰਥੀਆਂ ਨੂੰ ਇਨ੍ਹਾਂ ਪੁਸਤਕਾਂ ਦਾ ਲਾਹਾ ਲੈਣਾ ਚਾਹੀਦਾ ਹੈ। ਇਨ੍ਹਾਂ ਪੁਰਾਤਨਰਾਤਾਂ ਨੂੰ ਗਾਉਣ ਤੋਂ ਪਹਿਲਾਂ ਦਿਆਨਤਦਾਰੀ ਨਾਲ ਭਾਈ ਸਾਹਿਬ ਬਾਰੇ ਦੱਸ ਦੇਣਾ ਚਾਹੀਦਾ ਹੈ ਸਾਨੂੰ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਜਦੋਂ ਅਸੀਂ ਕਿਸੇ ਦੀ ਬੰਦਿਸ਼ ਗਾਈਏ ਜੇ ਸਾਨੂੰ ਪਤਾ ਹੋਵੇ ਕਿ ਇਹ ਕਿਸ ਦੀ ਹੈ ਉਸ ਦਾ ਨਾਂ ਲੈ ਦੇਣਾ ਚਾਹੀਦਾ ਹੈ ਤਾਂ ਕਿ ਪੰਥ ਦੇ ਅਜਿਹੇ ਵਿਦਵਾਨ ਆਪਣੀਆਂ ਕ੍ਰਿਤਾਂ ਰਾਹੀਂ ਸੰਗਤਾਂ ਦੇ ਸਨਮੁਖ ਰਹਿਣ। ਜਿਸ ਸਮੇਂ ਜਿਨ੍ਹਾਂ ਹਾਲਤਾਂ ਵਿਚ ਭਾਈ ਸਾਹਿਬ ਨੇ ਇਹ ਸਰਮਾਇਆ ਸਾਂਭ ਕੇ ਰੱਖਿਆ ਅਤੇ ਲਿਖਿਆ ਇਹ ਬੜੀ ਦਿਲ ਗੁਰਦੇ ਦੇ ਕੰਮ ਸੀ। ਇਹ ਪੁਸਤਕਾਂ ਨਿਰੀਆਂ ਲਾਈਬਰੇਰੀ ਦਾ ਸ਼ਿੰਗਾਰਨਾ ਬਣਨ ਸਗੋਂ ਅਧਿਆਪਕਾਂ ਦੇ ਵਾਜੇ ਵਿਚੋਂ ਲੰਘਦੀਆਂ ਹੋਈਆਂ ਗੁਰਬਾਣੀ ਕੀਰਤਨ ਦਾ ਰੂਪ ਧਾਰ ਕੇ ਸੰਗਤਾਂ ਤੱਕ ਪਹੁੰਚਣ ਇਹੀ ਮੇਰੀ ਕਾਮਨਾ ਹੈ।

*ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ*

# ਗਾਇਨ ਦਾ ਆਰੰਭਿਕ ਅਭਿਆਸ ਤਾਨਪੁਰੇ ਨਾਲ ਅਭਿਆਸ

ਪ੍ਰੋ. ਕੁਲਵਿੰਦਰ ਕੌਰ

ਸੰਪੂਰਨ ਸੰਗੀਤ ਕਲਾ ਆਵਾਜ਼ 'ਤੇ ਆਧਾਰਿਤ ਹੈ। ਇਸ ਲਈ ਕਲਾਕਾਰ ਆਪਣੀ ਪੂਰਨ ਸਵਰ ਸਾਧਨਾ ਦੇ ਦੁਆਰਾ ਆਵਾਜ਼ ਨੂੰ ਸੁਰੀਲੀ ਬਣਾਉਣ ਦੇ ਲਈ ਅਭਿਆਸ ਤੇ ਮਿਹਨਤ ਕਰਦਾ ਰਿਹਾ ਹੈ ਕਿਉਂ ਕਿ ਉਸ ਦੀ ਸਫਲਤਾ ਅਤੇ ਸਿੱਧੀ ਉਸ ਦੀ ਕੰਠ ਸਾਧਨਾ ਤੋਂ ਉਤਪੰਨ ਸਵਰ ਦੇ ਜਾਦੂ ਅਤੇ ਪ੍ਰਭਾਵ ਤੇ ਨਿਰਭਰ ਕਰਦੀ ਹੈ।

ਗਾਇਨ ਇਕ ਅਜਿਹਾ ਵਿਸ਼ਾ ਹੈ, ਜੋ ਪਹਿਲਾਂ ਸੁਣਕੇ, ਫਿਰ ਕੰਠ ਰਾਹੀਂ ਨਕਲ ਕਰਕੇ ਆਉਂਦਾ ਹੈ। ਸਿੱਖਣ ਲਈ ਨਕਲ ਲਗਾਉਣ ਦੀ ਸ਼ਕਤੀ ਪ੍ਰਬਲ ਹੋਣੀ ਚਾਹੀਦੀ ਹੈ। ਅਭਿਆਸ ਹਰ ਰੋਜ਼ ਕਰਨਾ ਜ਼ਰੂਰੀ ਹੈ। ਜੇ ਤੁਸੀਂ ਇਸ ਵਿਚ ਇਕ ਦਿਨ ਵੀ ਛੱਡ ਗਏ ਤਾਂ ਸੰਗੀਤ ਤੁਹਾਥੋਂ ਚਾਰ ਦਿਨ ਅੱਗੇ ਹਟ ਜਾਵੇਗਾ। ਪਹਿਲਾਂ ਇਕ ਘੰਟਾ ਰੋਜ਼ ਅਭਿਆਸ ਕਰੋ ਅਤੇ ਫਿਰ ਸਮੇਂ ਨੂੰ ਹੌਲੀ ਹੌਲੀ ਵਧਾ ਦਿਉ। ਅੱਛੇ ਗਾਇਕਾਂ ਨੇ ਤਾਂ 12-14 ਜਾਂ 18 ਘੰਟੇ ਰੋਜ਼ ਦਾ ਅਭਿਆਸ ਕੀਤਾ ਹੋਇਆ ਹੈ। ਚੰਗੇ ਸੁਰੀਲੇ ਗਾਇਕਾਂ ਦੇ ਰਿਕਾਰਡ ਸੁਣਨ ਨਾਲ ਹੀ ਸੁਰੀਲਾਪਨ ਆਉਂਦਾ ਹੈ। ਆਰੰਭਿਕ ਸਿੱਖਿਆ ਕਿਸੇ ਚੰਗੇ ਉਸਤਾਦ ਕੋਲੋਂ ਤਾਨਪੁਰੇ ਨਾਲ ਲੈਣੀ ਚਾਹੀਦੀ ਹੈ। ਜੇ ਅਜਿਹਾ ਸਾਧਨ ਉਪਲਬਧ ਨਾ ਹੋਵੇ ਤਾਂ ਫਿਰ ਹਾਰਮੋਨੀਅਮ ਨਾਲ ਹੀ ਅਭਿਆਸ ਆਰੰਭ ਕਰੋ। ਹਾਰਮੋਨੀਅਮ ਚੰਗਾ ਸੁਰੀਲਾ ਹੋਣਾ ਚਾਹੀਦਾ ਹੈ। ਬੇਸੁਰੇ ਹਾਰਮੋਨੀਅਮ ਨਾਲ ਅਭਿਆਸ ਕਰਕੇ ਸਾਰੀ ਉਮਰ ਲਈ ਬੇਸੁਰੇ ਹੋ ਜਾਵੋਗੇ। ਸਾਡੇ ਲਈ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਕਿਹੜੇ ਸੁਰ ਨੂੰ ਸ ਮੰਨ ਕੇ ਚੱਲਿਆ ਜਾਵੇ। ਸ ਅਜਿਹਾ ਸੁਰ ਹੋਵੇ ਜਿਸ ਤੋਂ ਚਲ ਮੰਦਰ ਦੇ ਸਪਤਕ ਦੇ ਮਧਮ ਤੋਂ ਤੁਹਾਡੀ ਆਵਾਜ਼ ਤਾਰ ਸਪਤਕ ਦੇ ਮਧਮ ਜਾਂ ਪੰਚਮ ਤੱਕ ਪੁੱਜ ਸਕੇ। ਆਮ ਤੌਰ ਤੇ ਮਰਦਾਂ ਦਾ ਸ ਹਾਰਮੋਨੀਅਮ ਵਾਜੇ ਦਾ ਪਹਿਲਾ ਚਿੱਟਾ ਜਾਂ ਪਹਿਲਾ ਕਾਲਾ ਸੁਰ ਅਤੇ ਇਸਤਰੀਆਂ ਦਾ ਜਾਂ ਬੱਚਿਆਂ ਦਾ ਚੌਥਾ ਕਾਲਾ ਹੁੰਦਾ ਹੈ। ਵਾਜੇ ਦੇ ਜਿਸ ਸੁਰ ਨੂੰ ਵੀ ਸ ਮੰਨ ਕੇ ਚੱਲੋ ਤਾਂ ਇਸ ਦੇ ਨਾਲ ਲਗਦਾ ਅਗਲਾ ਜਾਂ ਦੂਜਾ ਸੁਰ ਕੋਮਲ ਰੇ (ਰੇ), ਅਗਲਾ ਤੀਜਾ ਸੁਰ ਸ਼ੁੱਧ ਰੇ (ਰੇ) ਚੌਥਾ ਕੋਮਲ ਗ (ਗ) ਪੰਜਵਾਂ ਨਾਲ ਦਾ ਸ਼ੁੱਧ (ਗ) ਛੇਵਾਂ ਸ਼ੁਧ ਮ (ਮ), ਸਤਵਾਂ ਤੀਵਰ ਮ (ਮੇ) ਅਠਵਾਂ ਪ (ਪ) ਨੌਵਾਂ ਕੋਮਲ ਧ (ਧ) ਦਸਵਾਂ ਸ਼ੁਧ ਧ (ਧ) ਯਾਰਵਾਂ ਕੋਮਲ ਨੀ (ਨੀ) ਅਤੇ ਬਾਰਵਾਂ ਸੁਰ ਸ਼ੁਧ ਨੀ (ਨੀ) ਹੁੰਦਾ ਹੈ। ਤੇਰਵਾਂ ਸ ਤਾਰ ਸਪਤਕ ਦਾ ਹੈ ਧਿਆਨ ਰਹੇ ਕਿ ਹਾਰਮੋਨੀਅਮ ਪੱਛਮੀ ਦੇਸ਼ਾਂ ਦੇ ਸਕੇਲ ਉਤੇ ਸੁਰ ਹੁੰਦੇ ਹਨ ਇਸ ਦੇ ਕੁਝ ਸੁਰਾਂ ਵਿਚ ਸਾਡੇ ਹਿੰਦੋਸਤਾਨੀ ਸੰਗੀਤ ਦੀਆਂ ਸੁਰਾਂ ਨਾਲੋਂ ਮਾਮੂਲੀ ਜਿਹਾ ਫਰਕ ਹੁੰਦਾ ਹੈ। ਪਰ ਜਿਥੇ ਤਾਨਪੁਰੇ ਨਾਲ ਅਭਿਆਸ ਕਰਾਉਣ ਲਈ ਗੁਰੂ ਨਾ ਮਿਲ ਸਕੇ, ਹਾਰਮੋਨੀਅਮ ਦੀਆਂ ਸੁਰਾਂ ਨਾਲ ਹੀ ਅਭਿਆਸ ਕੀਤਾ ਜਾ ਸਕਦਾ ਹੈ। ਅੱਜ ਕੱਲ੍ਹ ਇਲੈਕਟ੍ਰਾਨਿਕ ਬਿਜਲੀ ਜਾਂ ਬੈਟਰੀ ਦੇ ਸੈਲਾਂ ਨਾਲ ਵੱਜਣ ਵਾਲੇ ਕੀ ਬੋਰਡ ਵੀ ਉਪਲਭਦ ਹਨ, ਜੋ ਸੁਰ ਵਿਚ ਹੁੰਦੇ ਹਨ। ਪੱਛਮੀ ਵਿਚਾਰ ਵਾਲਿਆਂ ਨੇ ਅਭਿਆਸ ਦੇ ਲਈ ਵਾਇਸ ਕਲਚਰ ਸ਼ਬਦ ਦਾ ਪ੍ਰਯੋਗ ਕੀਤਾ ਹੈ, ਜੋ ਅੱਜ ਕੱਲ੍ਹ ਬੜੇ ਵਿਆਪਕ ਰੂਪ ਵਿਚ ਪ੍ਰਚੱਲਤ ਹੈ। 'ਵਾਇਸ ਕਲਚਰ' ਦੇ ਸਬੰਧ ਵਿਚ ਕਿਹਾ ਗਿਆ ਹੈ : - Voice Culture is a science that deals with the various processes of cultivating the human voice to suit musical requirements .... The cultivation of voice to a considerable degree of perfection is the aim of voice culture.

ਪੱਛਮੀ ਦੇਸ਼ਾਂ ਵਿਚ ਅਭਿਆਸ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਉਥੇ ਸਵਰ ਅਭਿਆਸ ਦੀ ਸਿਖਸ਼ਾ ਵਿਗਿਆਨਕ ਵਿਧੀ ਦੇ ਅਨੁਸਾਰ ਦਿੱਤੀ ਜਾਂਦੀ ਹੈ। ਹਰ ਵੱਡੇ ਸ਼ਹਿਰ ਵਿਚ ਸਵਰ ਸਾਧਨ ਕੇਂਦਰ ਬਣੇ ਹੁੰਦੇ ਹਨ ਜਿਥੇ ਆਪਣੀ ਆਵਾਜ਼ ਨੂੰ ਠੀਕ ਕਰਨ ਦੇ ਇੱਛੁਕ ਵਿਅਕਤੀ ਸਵਰ ਸਾਧਨਾ ਕਰਦੇ ਹਨ।

ਸਾਧਨਾ ਕਰਨ ਵਾਸਤੇ ਸਭ ਤੋਂ ਪਹਿਲਾਂ ਵਾਜੇ ਦੇ ਸ ਨੂੰ ਵਜਾ ਕੇ ਇਸ ਨਾਲ ਆਪਣੀ ਆਵਾਜ਼ ਰਲਾ ਕੇ ਸ ਕਹੋ, ਇਸਦਾ ਅਭਿਆਸ ਕੁਝ ਦੇਰ ਕਰੀ ਜਾਉ। ਜਦੋਂ ਤੱਕ

ਆਵਾਜ਼ ਠੀਕ ਨਾ ਰਲ ਜਾਵੇ। ਆਵਾਜ਼ ਆਪਣੀ ਛਾਤੀ ਵਿਚੋਂ ਨਿਕਲੇ। ਗਲੇ ਜਾਂ ਨੱਕ ਵਿਚੋਂ ਨਿਕਲੀ ਆਵਾਜ਼ ਓਪਰੀ ਤੇ ਭੈੜੀ ਲਗਦੀ ਹੈ। ਆਪਣਾ ਮੂੰਹ ਨਾ ਤਾਂ ਏਨਾ ਖੋਲ੍ਹੋ ਕਿ ਵੇਖਣ ਵਾਲਿਆਂ ਨੂੰ ਬੁਰਾ ਲੱਗੇ ਤੇ ਨਾਂ ਹੀ ਮੂੰਹ ਘੁੱਟਕੇ ਆਵਾਜ਼ ਲਗਾਵੋ। ਗਾਉਂਦੇ ਹੋਏ ਮੂੰਹ ਨੂੰ ਵਿੰਗਾ ਟੇਡਾ ਕਰਨਾ ਵੀ ਦੋਸ਼ ਹੈ। ਆਵਾਜ਼ ਸਾਫ਼ ਤੇ ਅਟੁੱਟਵੀਂ ਲਗਾਉ। ਹੁਣ ਇਸੀ ਤਰ੍ਹਾਂ ਸ਼ੁਧ ਰੇ ਦਾ ਸੁਰ ਦਬਕੇ ਉਸ ਨਾਲ ਆਵਾਜ਼ ਲਗਾਵੋ ਅਤੇ ਵਾਰੀ ਵਾਰੀ ਸਾਰੇ ਸ਼ੁਧ ਸਵਰਾਂ ਦਾ ਅਭਿਆਸ ਤਾਰ ਸਪਤ: ਦੇ ਸ ਤਕ ਕਰੀ ਜਾਵੋ। ਸਾਰੇ ਸ਼ੁੱਧ ਸੁਰਾਂ ਵਾਲੇ ਬਿਲਾਵਲ ਥਾਟ ਦਾ ਹੀ ਪਹਿਲਾ ਅਭਿਆਸ ਕਰੋ। ਫਿਰ ਆਰੋਹੀ ਅਵਰੋਹੀ ਦਾ ਅਭਿਆਸ ਕਰੋ। ਜਿਵੇਂ : ਸ ਰੇ ਗ ਮ ਪ ਧ ਨੀ ਸਂ, ਸਂ ਨੀ ਧ ਪ ਮ ਗ ਰੇ ਸ। ਪਰ ਇਹ ਇਕੋ ਲੈ ਜਾਂ ਰਿਦਮ ਵਿਚ ਹੋਣਾ ਚਾਹੀਦਾ ਹੈ। ਪਹਿਲਾਂ ਲੈ ਵਿਲੰਵਿਤ ਜਾਂ ਧੀਮੀ ਹੋਵੇ। ਲਗਭਗ ਇਕ ਇਕ ਸੈਕਿੰਡ ਹਰ ਸੁਰ ਦਾ ਅਭਿਆਸ ਕਰੋ। ਫਿਰ ਲੈ ਵਧਾ ਕੇ ਅਭਿਆਸ ਕਰੋ। ਵਿਚ ਵਿਚ ਵਾਜੇ ਦਾ ਖਾਲੀ ਸ ਹੀ ਛਿੜਿਆ ਰਹਿਣ ਦਿਉ ਤੇ ਕ ਬਾਕੀ ਸੁਰ ਬਗੈਰ ਦਬਿਆਂ ਮੂੰਹ ਜ਼ੁਬਾਨੀ ਅਭਿਆਸ ਕਰੋ। ਜੋ ਸਵਰ ਠੀਕ ਨਾ ਲਗਦਾ ਹੋਵੇ ਉਸਨੂੰ ਵਾਜੇ ਦਾ ਸੁਰ ਦਬਕੇ ਚੈਕ ਕਰ ਲਵੋ। ਇਸ ਤਰ੍ਹਾਂ ਕਰਨ ਨਾਲ ਸੁਰਗਿਆਨ ਹੁੰਦਾ ਜਾਵੇਗੀ। ਨਹੀਂ ਤਾਂ ਤੁਸੀਂ ਵਾਜੇ ਤੋਂ ਬਿਨਾਂ ਨਹੀਂ ਗਾ ਸਕੋਗੇ। ਇਸ ਤਰ੍ਹਾਂ ਅਭਿਆਸ ਕਰਨ ਨਾਲ ਇਹ ਲਾਭ ਹੋਵੇਗਾ ਕਿ ਵਾਜਾ ਤੁਹਾਡੇ ਪਿੱਛੇ ਤੁਰੇ, ਤੁਸੀਂ ਵਾਜੇ ਪਿੱਛੇ ਨਾ ਤੁਰੋ, ਕਦੀ ਕਦੀ ਇਹ ਵੀ ਅਭਿਆਸ ਕਰਨਾ ਚਾਹੀਦਾ ਹੈ ਕਿ ਸ. ਤੋਂ ਮ, ਸ ਤੋਂ ਪ, ਸ ਤੋਂ ਸ ਅਤੇ ਹੋਰ ਸ਼ੁੱਧ ਸਵਰ ਲਗਾਵੋ। ਇਕੋ ਜਿਹੀ ਲੈ ਜਾਂ ਰਿਦਮ ਰੱਖਣ ਲਈ ਨੇੜੇ ਕੋਈ ਘੜੀ ਦੀ ਟਿਕ ਟਿਕ ਸੈਕਿੰਡ ਵਾਰ ਵੱਜਦੀ ਹੋਵੇ, ਤਾਂ ਉਸ ਨਾਲ ਅਭਿਆਸ ਕਰਨ ਨਾਲ ਲੈ ਪਕਦੀ ਹੈ। ਨਾਲ ਨਾਲ ਵਾਜੇ ਦੇ ਪਖੇ ਵਾਲੇ ਹੱਥ ਦੀ ਉਂਗਲੀ ਨੂੰ ਵੀ ਲੈ ਵਿਚ ਹਿਲਾਈ ਜਾਵੋ ਤਾਂ ਕਿ ਅਗੇ ਜਾ ਕੇ ਜਦੋਂ ਤਬਲੇ ਨਾਲ ਗਾਵੋਗੇ ਤਾਂ ਤਾਲ ਦੀ ਮਾਤਰਾ ਦਾ ਧਿਆਨ ਰਹੇਗਾ। ਅੱਜ ਕਲ੍ਹ ਇਲੈਕਟ੍ਰਾਨਿਕ ਬਿਜਲੀ ਵਾਲਾ ਜਾਂ ਚਾਬੀ ਵਾਲਾ ਮੈਟਰੋਨੋਮ ਵੀ ਉਪਲਬਧ ਹੈ ਦਾ ਇਲੈਕਟ੍ਰੋਨਿਕ ਤਬਲਾ ਵੀ ਮਿਲਦਾ ਹੈ। ਜਿਸ ਨਾਲ ਲੈ ਦਾ ਅਭਿਆਸ ਪਕਾਇਆ ਜਾ ਸਕਦਾ ਹੈ। ਅਭਿਆਸ ਕਰਦੇ ਇਹ ਧਿਆਨ ਰੱਖੋ ਕਿ ਇਕ ਸੁਰ ਤੋਂ ਦੂਜੀ ਸੁਰ ਤੱਕ ਨਰਮੀ ਨਾਲ ਜਾਣਾ ਚਾਹੀਦਾ ਹੈ ਤਾਂ ਜੋ ਸੁਣਨ ਵਾਲਿਆਂ ਨੂੰ ਮਧੁਰ ਲੱਗੇ।

ਇਸ ਤਰੀਕੇ ਨਾਲ ਜਦੋਂ ਸੁਰਾਂ ਦਾ ਅਭਿਆਸ ਪਕ ਜਾਵੇ, ਤਾਂ ਅਗਲਾ ਤੀਵਰ ਸੁਰਾਂ ਦਾ ਅਭਿਆਸ ਕਰੋ। ਜਿਵੇਂ ਸ ਰੇ ਗ ਮੇ ਪ ਧ ਨੀ, ਸ ਨੀ ਧ ਪ ਮੇ ਗ ਰੇ ਸ ਜਿਸਨੂੰ ਕਲਿਆਣ ਥਾਟ ਕਹਿੰਦੇ ਹਨ, ਇਸ ਤਰ੍ਹਾਂ ਬਾਕੀ ਦੇ ਸਾਰੇ ਠਾਠਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਅਰੋਹ ਅਵਰੋਹ ਦੇ ਅਭਿਆਸ ਬਾਅਦ ਅਲੰਕਾਰਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਜਿਸ ਨਾਲ ਤਾਨ ਵੀ ਬਣ ਜਾਂਦੀ ਹੈ। ਅਲੰਕਾਰਾਂ ਦਾ ਅਭਿਆਸ ਪੱਕੀ ਤਰ੍ਹਾਂ ਹੋ ਜਾਵੇ ਤਾਂ ਮੁਢਲੇ ਗਿਆਨ ਲਈ ਬਹੁਤ ਹੀ ਪਹਿਲਾਂ ਅਭਿਆਸ ਅਲੰਕਾਰਾਂ ਦੇ ਸੁਰ ਬੋਲ ਕੇ ਕਰੋ ਅਤੇ ਫਿਰ ਆਕਾਰ ਵਿਚ ਕੇਵਲ ਆ ਆ ਕਰਕੇ ਹੀ ਗਾਵੋ।

ਤਾਨਪੁਰੇ ਨਾਲ ਅਭਿਆਸ:

ਅਸਲ ਵਿਚ ਭਾਰਤੀ ਸੰਗੀਤ ਤਾਨਪੁਰੇ ਨਾਲ ਹੀ ਸਿੱਖਣਾ ਜਾਂ ਗਾਉਣਾ ਉਚਿਤ ਹੈ। ਤਾਨਪੁਰੇ ਨਾਲਤ ਗੁਰੂ ਮੂਹੋਂ ਗਾ ਕੇ ਸਿਖਾਉਂਦਾ ਹੈ। ਸ਼ੁਰੂ ਸ਼ੁਰੂ ਵਿਚ ਸ਼ਿਸ਼ ਆਪ ਤਾਨਪੁਰਾ ਸੁਰ ਨਹੀਂ ਕਰ ਸਕਦਾ, ਜੋ ਗੁਰੂ ਹੀ ਕਰਕੇ ਦਿੰਦਾ ਹੈ। ਤਾਨਪੁਰਾ ਸੁਰ ਕਰਨ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

1 ਜਿਸ ਜਗ੍ਹਾ ਤੇ ਬੈਠ ਕੇ ਗਾਉਣਾ ਹੋਵੇ ਤਾਨਪੁਰਾ ਉਸ ਥਾਂ ਤੇ ਹੀ ਬੈਠ ਕੇ ਸੁਰ ਕਰੋ। ਇਹ ਇਕ ਬਹੁਤ ਹੀ ਨਾਜ਼ੁਕ ਤਾਰ ਦਾ ਸਜ਼ਾ ਹੈ। ਇਸ ਦੀਆਂ ਤਾਰਾਂ ਮਾਮੂਲੀ ਤਾਪ ਮਾਨ ਦੇ ਫ਼ਰਕ ਨਾਲ ਹੀ ਬੇਸੁਰੀਆਂ ਹੋ ਜਾਦੀਆਂ ਹਨ।

2 ਗਰਮੀਆਂ ਨੂੰ ਜੇ ਪੱਖੇ ਥੱਲੇ ਬੈਠ ਕੇ ਅਭਿਆਸ ਕਰਨਾ ਹੈ ਤਾਂ ਪੱਖਾ ਹਲਕਾ ਚਲਾਉਣਾ ਚਾਹੀਦਾ ਹੈ। ਤਾਨਪੁਰਾ ਸੁਰ ਕਰਨ ਪਿੱਛੋਂ ਪੱਖੇ ਦੀ ਸਪੀਡ ਵਧ ਘਟ ਨਹੀਂ ਕਰਨੀ ਚਾਹੀਦੀ।

3 ਹਰਮੋਨੀਅਮ ਦਾ ਇਕ ਸ. ਹੀ ਛੇੜਨਾ ਚਾਹੀਦਾ ਹੈ ਜਿਸ ਨਾਲ ਤਾਨਪੁਰਾ ਸੁਰ ਕਰਨਾ ਹੈ। ਪਹਿਲਾਂ ਵਿਚਕਾਰਲੀਆਂ ਜੋੜੇ ਦੀਆਂ ਤਾਰਾਂ ਨੂੰ ਸ ਉਤੇ ਸੁਰ ਕਰੋ। ਜਦੋਂ ਠੀਕ ਤਰ੍ਹਾਂ ਸੁਰ ਹੋ ਜਾਣ ਤਾਂ ਵੇਖਾਂਗੇ ਕਿ ਦੋਹਾਂ ਵਿਚੋਂ ਇਕ ਤਾਰ ਨੂੰ ਛੇੜਦੀਆਂ ਦੂਜੀ ਆਪੇ ਕੰਬਣ ਲਗ ਜਾਵੇਗੀ ਤੇ ਉਂਗਲੀ ਉਸਨੂੰ ਛੂਹਦਿਆਂ ਹੀ ਅਨੁਭਵ ਕਰ ਲਵੇਗੀ। ਜੇ ਹੋਰ ਸਪਸ਼ਟ ਦੇਖਣਾ ਚਾਹੋ ਤਾਂ ਤਾਨਪੁਰੇ ਨੂੰ ਫਰਸ਼ ਤੇ ਲਿਟਾ ਕੇ ਜੋੜੇ ਦੀ ਇਕ ਤਾਰ ਉਪਰ ਅੱਧੇ ਕੁ

ਸੈਂਟੀਮੀਟਰ ਦਾ ਨਿੱਕਾ ਜਿਹਾ ਪਤਲੇ ਕਾਗਜ਼ ਦਾ ਟੁਕੜਾ ਪਾ ਕੇ ਟਿਕਾ ਦਿਉ। ਜਦੋਂ ਸ ਦੀ ਦੂਜੀ ਤਾਰ ਨੂੰ ਛੇੜਾਂਗੇ ਤਾਂ ਇਹ ਕਾਗਜ਼ ਦੇ ਟੁਕੜੇ ਵਾਲੀ ਤਾਰ ਆਪੇ ਹੀ ਕੰਬ ਜਾਵੇਗੀ ਤੇ ਕਾਗਜ਼ ਦਾ ਟੁਕੜਾ ਹਿਲ ਕੇ ਬਾਹਰ ਡਿੱਗ ਜਾਵੇਗਾ। ਜੇ ਤਾਰ ਸਹੀ ਨਾ ਮਿਲੀ ਹੋਈ ਤਾਂ ਕਾਗਜ਼ ਦਾ ਟੁਕੜਾ ਡਿੱਗੇਗਾ ਨਹੀਂ ਉਥੇ ਹੀ ਤਾਰ ਉਤੇ ਪਿਆ ਰਹੇਗਾ।

4 ਜੇ ਤਾਨਪੁਰੇ ਨੂੰ ਲਿਟਾ ਕੇ ਵਜਾਉਣਾ ਹੈ ਤਾਂ ਇਸਨੂੰ ਲਿਟਾ ਕੇ ਹੀ ਸੁਰ ਕਰੋ। ਜੇਕਰ ਖੜਾ ਕਰਕੇ ਹੀ ਵਜਾਉਣਾ ਹੈ ਤਾਂ ਫਿਰ ਖੜੇ ਨੂੰ ਹੀ ਸੁਰ ਕਰੋ।

5 ਜੇਕਰ ਤਾਨਪੁਰਾ ਖੜਾ ਕਰਕੇ ਵਜਾਉਣਾ ਹੈ ਤਾਂ ਬੈਠਣ ਦਾ ਢੰਗ ਹੀ ਕਿ ਖੱਬੇ ਲੱਤ ਦੀ ਚੌਕੜੀ ਮਾਰੋ, ਸੱਜੇ ਗੋਡੇ ਨੂੰ ਪੈਰ ਭਾਰ ਖੜਾ ਰੱਖੋ, ਗੋਡੇ ਦੇ ਉਪਰ ਸੱਜੇ ਹੱਥ ਦੀ ਕੂਹਣੀ ਟਿਕਾਉ। ਤਾਨਪੁਰੇ ਦੀ ਡਾਂਟ ਨੂੰ ਆਪਣੇ ਸੱਜੇ ਕੰਨ ਦੇ ਕੋਲ ਰੱਖੋ, ਜੇਕਰ ਗਾਉਣ ਵੇਲੇ ਆਪ ਹੀ ਇਸਨੂੰ ਛੇੜਨਾ ਹੋਵੇ। ਜੇਕਰ ਕਿਸੇ ਹੋਰ ਗਾਇਕ ਦੇ ਪਿੱਛੇ ਬੈਠ ਕੇ ਛੇੜਨਾ ਹੋਵੇ, ਤਾਂ ਇਸ ਦੀ ਡਾਂਟ ਆਪਣੇ ਸਾਹਮਣੇ ਮੱਥੇ ਤੋਂ ਗਿੱਠ ਭਰ ਦੂਰ ਰੱਖੋ। ਤਾਰਾਂ ਬਾਹਰ ਵੱਲ ਤੇ ਡਾਂਟ ਦੀ ਲੱਕੜੀ ਤੁਹਾਡੇ ਵੱਲ ਹੀ ਰਹੇਗੀ।

6 ਹੁਣ ਆਪਣਾ ਸੱਜੇ ਹੱਥ ਦਾ ਅੰਗੂਠਾ ਡਾਂਟ ਦੇ ਪਿੱਛੇ ਰੱਖ ਕੇ ਵਿਚਲੀ ਸਭ ਤੋਂ ਲੰਮੀ ਉਂਗਲੀ ਨਾਲ, ਖੱਬੇ ਪਾਸੇ ਦੀ ਪਹਿਲੀ ਪੰਚਮ ਵਾਲੀ ਤਾਰ ਛੇੜੀਦੀ ਹੈ। ਬਾਕੀ ਜੋੜੇ ਦੀਆਂ ਵਿਚਲੀਆਂ ਤਾਰਾਂ ਦੇ ਸੱਜੇ ਪਾਸੇ ਪਿੱਤਲ ਦੀ ਖਰਜ ਦੀ ਪਹਿਲੀ ਉਂਗਲੀ ਨਾਲ ਛੇੜੀਦੀ ਹੈ। ਜੋੜੇ ਦੀਆਂ ਤਾਰਾਂ ਸੁਰ ਕਰਨ ਪਿੱਛੋਂ ਪਿੱਤਲ ਦੀ ਮੰਦ੍ਰ ਸਪਤਕ ਦੀ ਖਰਜ ਠੀਕ ਕਰੋ। ਫਿਰ ਖੱਬੇ ਪਾਸੇ ਪੰਚਮ ਨੂੰ ਸਹੀ ਕਰ ਲਵੋ। ਪੰਚਮ ਤੋਂ ਸ਼ੁਰੂ ਕਰਕੇ ਖਰਜ ਤੱਕ ਚਾਰੇ ਤਾਰਾਂ ਵਾਰੋ ਵਾਰੀ ਇਕ ਲੈ ਵਿਚ ਪਹਿਲੀਆਂ ਦੋਂ ਉਂਗਲੀਆਂ ਨਾਲ ਛੇੜੀ ਜਾਈ ਦੀਆਂ ਹਨ।

7 ਜ਼ਿਆਦਾਤਰ ਪਹਿਲੀ ਤਾਰ ਪੰਚਮ, ਮੰਦ੍ਰ ਸਪਤਕ ਦੀ ਹੁੰਦੀ ਹੈ। ਜਿਸ ਰਾਗ ਵਿਚ ਮਾਲਕੌਸ ਵਿਚ ਪੰਚਮ ਨਹੀਂ ਲਗਦਾ, ਉਥੇ ਇਸਨੂੰ ਮੰਦ੍ਰ ਸ਼ੁਧ ਮਧਮ ਉਤੇ ਸੁਰ ਕਰਕੇ ਹਾਂ ਕੁਝ ਰਾਗਾਂ ਵਿਚ ਏਮਨ ਬਿਹਾਗ ਪੂਰੀਆ ਵਿਚ ਇਹ ਸ਼ੁੱਧ ਨਿਸ਼ਾਦ ਉਤੇ ਸੁਰ ਕੀਤੀ ਬਹੁਤ ਅਨੰਦ ਦਿੰਦੀ ਹੈ।

8 ਤਾਨਪੁਰਾ ਅਭਿਆਸ ਨਾਲ ਜਦੋਂ ਠੀਕ ਮਿਲ ਜਾਂਦਾ ਹੈ ਤਾਂ ਗਾਉਣ ਵਾਲੇ ਰਾਗ ਦੀਆਂ ਕਈ ਸੁਰਾਂ ਇਸ ਦੀਆਂ ਤਾਰਾਂ ਵਿਚ ਗੂੰਜਦੀਆਂ ਮਹਿਸੂਸ ਹੁੰਦੀਆਂ ਹਨ। ਜਿਵੇਂ ਖਰਜ ਵਿਚ ਸ਼ੁਧ ਗੰਧਾਰ, ਪੰਚਮ ਵਿਚ ਰਿਸ਼ਭ, ਧੈਵਤ ਅਤੇ ਨਿਸ਼ਾਦ ਵਿਚ ਤੀਵਰ ਮਧਮ ਆਦਿ। ਪਰ ਇਹ ਜਾਚ ਗੁਰੂ ਕ੍ਰਿਪਾ ਨਾਲ ਹੀ ਆਉਂਦੀ ਹੈ।

9 ਜੇਕਰ ਕਿਸੇ ਤਾਰ ਦੀ ਆਵਾਜ਼ ਘੁਟਦੀ ਜਾਪੇ ਤਾਂ ਤਾਨਪੁਰੇ ਦੀ ਜਵਾਰੀ ਉਪਰ ਤਾਰਾਂ ਥੱਲੇ ਲਗੇ ਧਾਗਿਆਂ ਨੂੰ ਮਾਮੂਲੀ ਉਪਰ ਥੱਲੇ ਘਿਸਕਾ ਕੇ ਠੀਕ ਕਰ ਲਵੋ।

10 ਜਿਵੇਂ ਉਪਰ ਹਰਮੋਨੀਅਮ ਨਾਲ ਸਾਰੇ ਠਾਠਾਂ ਦੀ ਅਰੋਹੀ ਅਵਰੋਹੀ ਤੇ ਅਲੰਕਾਰਾਂ ਦਾ ਅਭਿਆਸ ਦਸਿਆ ਹੈ। ਉਸੇ ਤਰ੍ਹਾਂ ਹੀ ਤਾਨਪੁਰੇ ਨਾਲ ਕਰਨਾ ਹੈ। ਧਿਆਨ ਰਹੇ ਕਿ ਤਾਨਪੁਰੇ ਦੀਆਂ ਤਾਰਾਂ ਸਹੀ ਸੁਰ ਵਿਚ ਰਹਿਣਾ ਜੇ ਥੋੜ੍ਹਾ ਜਿਹਾ ਵੀ ਤਾਰਾਂ ਵਿਚ ਫਰਕ ਰਹਿ ਗਿਆ ਤਾਂ ਅਭਿਆਸ ਬੇਸੁਰਾ ਰਹੇਗਾ।

ਉਪਰੋਕਤ ਅਭਿਆਸ, ਕੁਝ ਚਿਰ ਕਰਨ ਪਿਛੋਂ ਵਾਰੀ ਆਉਂਦੀ ਹੈ ਰਾਗਾਂ ਵਿਚ ਸ਼ਬਦ ਦੇ ਗਾਇਨ ਦੀ। ਇਸ ਲਈ ਕਿਸੇ ਵੀ ਰਾਗ ਦਾ ਪਹਿਲਾ ਸਿਧਾਂਤ ਸਮਝ ਲਵੋ ਫਿਰ ਅਲਾਪ ਨੋਟੇਸ਼ਨ ਜਾਂ ਸੁਰਾਂ ਵਿਚ ਗਾਵੋ। ਫਿਰ ਆਕਾਰ ਵਿਚ ਜਾਂ ਡੰਡਉਤ ਦੀ ਕਿਸੇ ਤੁਕ ਵਿਚ। ਇਸ ਤੋਂ ਉਪਰੰਤ ਬੰਦਿਸ਼ ਜਾਂ ਸ਼ਬਦ ਦੀ ਸਥਾਈ ਤੇ ਅੰਤਰੇ ਨੂੰ ਨੋਟੇਸ਼ਨ ਜਾਂ ਸੁਰਲਿਪੀ ਵੇਖ ਕੇ ਵਾਜੇ ਦੀ ਸਹਾਇਤਾ ਨਾਲ ਸਰਲ ਕਰ ਲਵੋ। ਅੰਤ ਵਿਚ ਤਬਲੇ ਨਾਲ ਪੱਕਾ ਕਰੋ। ਜਿਥੇ ਤਬਲੇ ਵਾਲਾ ਸਾਥੀ ਨਾ ਮਿਲ ਸਕੇ, ਉਥੇ ਇਲੈਕਟ੍ਰੌਨਿਕ ਤਬਲੇ ਨਾਲ ਅਭਿਆਸ ਕਰੋ।

---

*ਸਰਕਾਰੀ ਕਾਲਜ ਲੜਕੀਆਂ, ਸੈਕਟਰ 11, ਚੰਡੀਗੜ੍ਹ*

# ਸੁਰ ਲਿਪੀ

ਹਰਦੀਪ ਕੌਰ

## ਰਾਗੁ ਰਾਮਕਲੀ

ਰਾਮਕਲੀ ਭਗਤੀ ਰਸ ਭਰਪੂਰ ਜੋਗ ਮੱਤ ਦਾ ਵਿਸ਼ੇਸ਼ ਰਾਗ ਹੈ। ਗੁਰਬਾਣੀ ਵਿੱਚ ਜੋਗ ਸਬੰਧੀ ਸ਼ਬਦ, ਸਿੱਧ ਚਰਚਾ ਅਤੇ ਗੁਰੂ ਅਮਰਦਾਸ ਜੀ ਦੁਆਰਾ ਰਚਿੱਤ ਅਨੰਦ ਸਾਹਿਬ ਦੀ ਬਾਣੀ ਵੀ ਰਾਮਕਲੀ ਰਾਗ ਵਿਚ ਹੀ ਦਰਜ ਹੈ।

ਇਸ ਦੇ ਸਰੂਪ ਵਿਚ ਰਿਸ਼ਭ, ਧੈਵਤ ਕੋਮਲ, ਦੋ ਮਧਿਅਮ, ਦੋ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਆਰੋਹ ਵਿਚ ਰਿਸ਼ਭ ਵਰਜਿਤ ਅਤੇ ਅਵਰੋਹ ਵਿਚ ਸੱਤੇ ਸੁਰ ਵਕਰ ਢੰਗ ਨਾਲ ਵਰਤੇ ਜਾਂਦੇ ਹਨ। ਜਾਤੀ ਸ਼ਾਡਵ-ਵਕਰ-ਸੰਪੂਰਣ ਹੈ। ਗਾਉਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ ਹੈ। ਵਾਦੀ ਸੁਰ ਕੋਮਲ ਧੈਵਤ ਅਤੇ ਕੋਮਲ ਰਿਸ਼ਭ ਸੰਵਾਦੀ ਹੈ।

**ਥਾਟ :** ਭੈਰਵ (ਰੁ, ਧੁ ਕੋਮਲ, ਦੋਵੇਂ 'ਮ' ਤੇ 'ਨ')

**ਜਾਤੀ :** ਸ਼ਾਡਵ-ਵਕਰ-ਸੰਪੂਰਣ (ਆਰੋਹ ਵਿਚ 'ਰ' ਵਰਜਿਤ)

**ਸਮਾਂ :** ਦਿਨ ਦਾ ਪਹਿਲਾ ਪਹਿਰ **ਵਾਦੀ :** ਧੁ **ਸੰਵਾਦੀ :** ਰੁ

**ਆਰੋਹ :** ਸ ਗ ਮ॑ ਪ, ਧੁ ਨ ਸੰ। **ਅਵਰੋਹ :** ਸੰ ਨ ਧੁ, ਮ ਪ ਧੁ ਨੁ ਧੁ ਪ, ਮ ਗ, ਮ ਰੁ ਸ।

**ਮੁੱਖ ਅੰਗ :** ਧੁ ਪ, ਮ॑ ਪ, ਧੁ ਨੁ ਧੁ ਪ, ਗ, ਮ ਰੁ ਸ।

ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | ਸ | ਗ | ਮ | ਪ | ਮ॑ਪ | ਧੁਨੁ | ਧੁ | ਪ |
| | | | | | | | | ਜੈ | ਽ | ਸਾ | ਽ | ਸ਽ | ਤਿ਽ | ਗੁ | ਰੁ |
| | | | | | | | | S | G | M | P | M̍P | DN | D | P |
| | | | | | | | | JA | - | SAA | - | SA- | T- | GU | R |
| ਗ | ਮ | ਪ | ਮ | ਰੁ | ਰੁ | ਸ | ਸ | ਗ | ਮ | ਪ | ਪ | ਧੁ | ਨ | ਸੰ | ਸੰ |
| ਸੁ | ਣੀ | ਽ | ਽ | ਦਾ | ਽ | ਽ | ਽ | ਤੈ | ਽ | ਸੋ | ਽ | ਹੀ | ਽ | ਮੈ | ਽ |
| G | M | P | M | R | R | S | S | G | M | P | P | D | N | Ṡ | Ṡ |
| SU | NEE | - | - | DAA | - | - | - | TAI | - | SO | - | HEE | - | MAI | - |
| ਨ | ਧੁ | ਪ | ਮ | ਰੁ | ਰੁ | ਸ | ਸ | | | | | | | | |
| ਡੀ | ਽ | ਽ | ਽ | ਠੁ | ਽ | ਽ | ਽ | | | | | | | | |
| N | D | P | M | R | R | S | S | | | | | | | | |
| DEE | - | - | - | TH | - | - | - | | | | | | | | |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਗ | ਮ | ਪ | ਧੁ | ਨ | ਸਂ | ਸਂ | - |
| | | | | | | | | ਵਿ | ऽ | ਛੁ | ੜਿ | ਆ | ऽ | ਮੇ | ऽ |
| | | | | | | | | G | M | P | D | N | Ṡ | Ṡ | - |
| | | | | | | | | VI | - | CHHU | RHI | AA | - | MAY | - |
| ਨ | ਸਂ | ਰੁਂ | ਸਂ | ਨ | ਧੁ | ਪ | - | ਸਂ | ਗਂ | ਰੁਂ | ਸਂ | ਨ | ਨ | ਸਂ | ਸਂ |
| ਲੇ | ऽ | ऽ | ਪ੍ਰ | ਭੂ | ऽ | ऽ | ऽ | ਹ | ऽ | ਰਿ | ऽ | ਦ | ਰ | ਗ | ਹ |
| N | Ṡ | Ṙ | Ṡ | N | D | P | - | Ṡ | Ġ | Ṙ | Ṡ | N | N | Ṡ | Ṡ |
| LAY | - | - | PARA | BHOO- | - | - | - | HA | - | R | - | DA | RA | GE | H |
| ਨ | ਧੁ | ਪ | ਮ | ਰੁ | ਰੁ | ਸ | ਸ | | | | | | | | |
| ਕਾ | ऽ | ऽ | ਬ | ਸੀ | ऽ | ਠੁ | ऽ | | | | | | | | |
| N | D | P | M | R | R | S | S | | | | | | | | |
| KAA | - | - | BA | SEE | - | TH | - | | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਰਾਮਕਲੀ ਕੀ ਵਾਰ ਮਹਲਾ ੫
ੴ ਸਤਿਗੁਰ ਪ੍ਰਸਾਦਿ ॥
ਸਲੋਕ ਮ: ੫ ॥

| | | |
|---|---|---|
| ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥ | As I have heard of the True Guru, so I have seen Him. | ਸਤਿਗੁਰੂ ਜਿਹੋ ਜਿਹਾ ਸੁਣੀਦਾ ਸੀ, ਉਹੋ ਜਿਹਾ ਹੀ ਮੈਂ (ਅੱਖੀਂ) ਵੇਖ ਲਿਆ ਹੈ, |
| ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ | Here-unites the separated ones with God; He is the Mediator at the Court of the Lord. | ਪ੍ਰਭੂ ਦੀ ਹਜ਼ੂਰੀ ਦਾ ਵਿਚੋਲਾ, ਪ੍ਰਭੂ ਤੋਂ ਵਿਛੁੜਿਆਂ ਨੂੰ (ਮੁੜ) ਪ੍ਰਭੂ ਨਾਲ ਮਿਲਾ ਦੇਂਦਾ ਹੈ, |
| ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥ | He implants the Mantra of the Lord's Name, and eradicates the illness of egotism. | ਪ੍ਰਭੂ ਦਾ ਨਾਮ ਸਿਮਰਨ ਦਾ ਉਪਦੇਸ਼ (ਜੀਵ ਦੇ ਹਿਰਦੇ ਵਿਚ) ਪੱਕਾ ਕਰ ਦੇਂਦਾ ਹੈ (ਤੇ ਇਸ ਤਰ੍ਹਾਂ ਉਸਦਾ) ਹਉਮੈ ਦਾ ਰੋਗ ਦੂਰ ਕਰ ਦੇਂਦਾ ਹੈ। |
| ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ ॥ (ਪੰਨਾ 957) | O Nanak, he alone meets the True Guru, who has such union pre-ordained.\|\|1\|\| | ਪਰ ਹੇ ਨਾਨਕ! ਪ੍ਰਭੂ ਉਨ੍ਹਾਂ ਨੂੰ ਹੀ ਗੁਰੂ ਮਿਲਾਉਂਦਾ ਹੈ ਜਿਨ੍ਹਾਂ ਦੇ ਭਾਗ ਵਿਚ ਧੁਰੋਂ ਇਹ ਮੇਲ ਲਿਖਿਆ ਹੁੰਦਾ ਹੈ।।੧॥ |